ਮੰਗਲਵਾਰ, 10 ਅਕਤੂਬਰ, 2023
24 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 130

ਨਵਾਂ ਜ਼ਮਾਨਾ

DAILY NAWAN ZAMANA • TUESDAY, 10 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
You Tube nawan zamana TV

ਚੋਣਾਂ ਦਾ ਮੇਲਾ ਆ ਗਿਆ, ਤਰੀਕਾਂ ਤੈਅ

ਚੋਣ ਤਰੀਕਾਂ ਦਾ ਐਲਾਨ ਕਰਦੇ ਹੋਏ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ।

ਨਵੀਂ ਦਿੱਲੀ : ਚੋਣ ਕਮਿਸ਼ਨ ਨੇ ਸੋਮਵਾਰ ਪੰਜ ਰਾਜਾਂ ਦੀਆਂ ਅਸੰਬਲੀ ਚੋਣਾਂ ਦਾ ਐਲਾਨ ਕਰਦਿਆਂ ਕਿਹਾ ਕਿ ਮਿਜ਼ੋਰਮ ਵਿੱਚ 7 ਨਵੰਬਰ, ਛੱਤੀਸਗੜ੍ਹ 'ਚ ਦੋ ਪੜਾਵਾਂ 'ਚ 7 ਤੇ 17 ਨਵੰਬਰ ਨੂੰ, ਮੱਧ ਪ੍ਰਦੇਸ਼ 'ਚ 17 ਨਵੰਬਰ ਨੂੰ, ਰਾਜਸਥਾਨ 'ਚ 23 ਨਵੰਬਰ ਨੂੰ ਤੇ ਤਿਲੰਗਾਨਾ 'ਚ 30 ਨਵੰਬਰ ਨੂੰ ਵੋਟਾਂ ਪੈਣਗੀਆਂ। ਨਤੀਜੇ 3 ਦਸੰਬਰ ਨੂੰ ਆਉਣਗੇ।

ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕਰਨ ਲਈ ਸੱਦੀ ਪ੍ਰੈੱਸ ਕਾਨਫਰੰਸ 'ਚ ਦੱਸਿਆ ਕਿ ਮਿਜ਼ੋਰਮ ਅਸੰਬਲੀ ਦਾ ਕਾਰਜਕਾਲ 17 ਦਸੰਬਰ ਨੂੰ ਖਤਮ ਹੋਵੇਗਾ। ਇਸ ਉੱਤਰ-ਪੂਰਬੀ ਰਾਜ 'ਚ ਮਿਜ਼ੋ ਨੈਸ਼ਨਲ ਫਰੰਟ ਸੱਤਾ 'ਚ ਹੈ। ਤਿਲੰਗਾਨਾ, ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਦੀਆਂ ਅਸੰਬਲੀਆਂ ਦਾ ਕਾਰਜਕਾਲ ਅਗਲੇ ਸਾਲ ਜਨਵਰੀ 'ਚ ਵੱਖ-ਵੱਖ ਤਰੀਕਾਂ 'ਤੇ ਖਤਮ ਹੋਵੇਗਾ। ਭਾਰਤ ਰਾਸ਼ਟਰ ਸਮਿਤੀ ਤਿਲੰਗਾਨਾ 'ਚ, ਭਾਜਪਾ ਮੱਧ ਪ੍ਰਦੇਸ਼ 'ਚ ਅਤੇ ਕਾਂਗਰਸ ਛੱਤੀਸਗੜ੍ਹ ਤੇ ਰਾਜਸਥਾਨ 'ਚ ਸੱਤਾ 'ਚ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਸੁਰੱਖਿਆ ਸਥਿਤੀ ਨੂੰ ਧਿਆਨ 'ਚ ਰੱਖਦੇ ਹੋਏ ਢੁਕਵੇਂ ਸਮੇਂ 'ਤੇ ਚੋਣਾਂ ਕਰਵਾਈਆਂ ਜਾਣਗੀਆਂ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਭਾਜਪਾ ਤੇ ਇਸਦੇ ਇਤਿਹਾਦੀਆਂ ਦੀ ਵਿਦਾਇਗੀ ਦਾ ਐਲਾਨ ਹੋ ਗਿਆ ਹੈ। 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਚੋਣਾਂ ਪੂਰੀ ਤਾਕਤ ਨਾਲ ਲੜਾਂਗੇ। ਇਹ ਪੁੱਛੇ ਜਾਣ 'ਤੇ ਕਿ ਕੀ 'ਇੰਡੀਆ' ਵਿਚ ਸ਼ਾਮਲ ਪਾਰਟੀਆਂ ਨਾਲ ਮਿਲ ਕੇ ਲੜੋਗੇ, ਉਨ੍ਹਾ ਕਿਹਾ-ਜੋ ਵੀ ਹੋਇਆ, ਦੱਸ ਦੇਵਾਂਗੇ।

ਤਿਲੰਗਾਨਾ ਤੋਂ ਕਾਂਗਰਸ ਲਈ ਖੁਸ਼ਖਬਰੀ

ਨਵੀਂ ਦਿੱਲੀ : ਏ ਬੀ ਪੀ ਸੀ-ਵੋਟਰ ਦੇ ਚੋਣ ਸਰਵੇਖਣ ਮੁਤਾਬਕ ਤਿਲੰਗਾਨਾ ਵਿਚ ਮੁੱਖ ਮੰਤਰੀ ਚੰਦਰਸ਼ੇਖਰ ਰਾਓ ਦੀ ਵਿਦਾਈ ਹੋ ਸਕਦੀ ਹੈ ਤੇ ਕਾਂਗਰਸ ਵਾਪਸੀ ਕਰ ਸਕਦੀ ਹੈ। 119 ਮੈਂਬਰੀ ਅਸੰਬਲੀ ਵਿਚ ਰਾਓ ਦੀ ਭਾਰਤ ਰਾਸ਼ਟਰ ਸਮਿਤੀ ਨੂੰ 43 ਤੋਂ 55 ਅਤੇ ਕਾਂਗਰਸ ਨੂੰ 48 ਤੋਂ 60 ਸੀਟਾਂ ਮਿਲਣ ਦੀ ਗੱਲ ਕਹੀ ਗਈ ਹੈ। ਹਾਲਾਂਕਿ ਬਹੁਮਤ ਕਿਸੇ ਨੂੰ ਮਿਲਦਾ ਨਹੀਂ ਦੱਸਿਆ ਗਿਆ। ਭਾਜਪਾ 5 ਤੋਂ 11 ਅਤੇ ਅਸਦਉਦੀਨ ਓਵੈਸੀ ਦੀ ਏ ਆਈ ਐੱਮ ਆਈ ਐੱਮ ਸਣੇ ਹੋਰ ਪਾਰਟੀਆਂ 5 ਤੋਂ 11 ਸੀਟਾਂ ਜਿੱਤ ਸਕਦੀਆਂ ਹਨ। ਕਾਂਗਰਸ ਨੂੰ 39 ਫੀਸਦੀ, ਰਾਓ ਦੀ ਪਾਰਟੀ ਨੂੰ 38 ਫੀਸਦੀ, ਭਾਜਪਾ ਨੂੰ 16 ਫੀਸਦੀ ਤੇ ਹੋਰਨਾਂ ਨੂੰ 7 ਫੀਸਦੀ ਵੋਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਹੈ। 2018 ਵਿਚ ਰਾਓ ਦੀ ਪਾਰਟੀ ਨੇ 88 ਸੀਟਾਂ ਜਿੱਤੀਆਂ ਸਨ। ਕਾਂਗਰਸ ਨੂੰ 19 ਸੀਟਾਂ ਮਿਲੀਆਂ ਸਨ।

ਭਾਜਪਾ ਨੇ ਰਾਜਸਥਾਨ 'ਚ ਵੀ 7 ਸਾਂਸਦ ਉਤਾਰੇ

ਨਵੀਂ ਦਿੱਲੀ : 200 ਮੈਂਬਰੀ ਰਾਜਸਥਾਨ ਅਸੰਬਲੀ ਲਈ ਭਾਜਪਾ ਨੇ ਸੋਮਵਾਰ 41 ਟਿਕਟਾਂ ਦਾ ਐਲਾਨ ਕੀਤਾ। ਇਨ੍ਹਾਂ ਵਿਚ 7 ਸਾਂਸਦਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ। ਮੱਧ ਪ੍ਰਦੇਸ਼ ਲਈ 57 ਹੋਰ ਟਿਕਟਾਂ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੂੰ ਉਨ੍ਹਾ ਦੇ ਜੱਦੀ ਹਲਕੇ ਬੁਧਨੀ ਤੋਂ ਖੜ੍ਹਾ ਕੀਤਾ ਗਿਆ ਹੈ। ਪਾਰਟੀ 79 ਨਾਂਅ ਪਹਿਲਾਂ ਐਲਾਨ ਚੁੱਕੀ ਹੈ। ਚੌਥੀ ਲਿਸਟ ਵਿਚ ਬਹੁਤੇ ਵਿਧਾਇਕਾਂ ਤੇ ਮੰਤਰੀਆਂ ਨੂੰ ਟਿਕਟਾਂ ਮਿਲ ਗਈਆਂ ਹਨ। ਪਾਰਟੀ 230 ਵਿੱਚੋਂ 136 ਟਿਕਟਾਂ ਦਾ ਐਲਾਨ ਕਰ ਚੁੱਕੀ ਹੈ। 90 ਮੈਂਬਰੀ ਛੱਤੀਸਗੜ੍ਹ ਅਸੰਬਲੀ ਲਈ ਪਾਰਟੀ ਨੇ 64 ਉਮੀਦਵਾਰ ਐਲਾਨ ਦਿੱਤੇ ਹਨ। ਨਵੀਂ ਲਿਸਟ ਵਿਚ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾ ਨੂੰ ਪਾਰਟੀ ਹੁਣ ਤਕ ਲਾਂਭੇ ਹੀ ਰੱਖਦੀ ਆ ਰਹੀ ਹੈ।

ਕਾਰਗਿਲ ਦਾ ਫਤਵਾ : 26 'ਚੋਂ ਭਾਜਪਾ ਪੱਲੇ ਪਈਆਂ 2 ਸੀਟਾਂ

ਸ੍ਰੀਨਗਰ : ਕਾਰਗਿਲ ਵਿਚ ਲੱਦਾਖ ਆਟੋਨੋਮਸ ਹਿਲ ਡਿਵੈਲੱਪਮੈਂਟ ਕੌਂਸਲ ਦੀਆਂ ਚੋਣਾਂ ਵਿਚ ਕਾਂਗਰਸ ਤੇ ਨੈਸ਼ਨਲ ਕਾਨਫਰੰਸ ਦੇ ਗੱਠਜੋੜ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਤਕੜਾ ਝਟਕਾ ਦਿੱਤਾ ਹੈ। 26 ਸੀਟਾਂ ਵਿੱਚੋਂ ਨੈਸ਼ਨਲ ਕਾਨਫਰੰਸ 12 ਤੇ ਕਾਂਗਰਸ 10 ਸੀਟਾਂ ਜਿੱਤ ਗਈ। ਦੋ ਆਜ਼ਾਦ ਜਿੱਤੇ ਤੇ ਭਾਜਪਾ ਦੇ ਪੱਲੇ ਦੋ ਸੀਟਾਂ ਮਿਲੀਆਂ। 30 ਮੈਂਬਰੀ ਕੌਂਸਲ ਦੀਆਂ 26 ਸੀਟਾਂ ਲਈ 4 ਅਕਤੂਬਰ ਨੂੰ ਵੋਟਾਂ ਪਈਆਂ ਸਨ। 2018 ਵਿਚ ਨੈਸ਼ਨਲ ਕਾਨਫਰੰਸ 10 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਬਣੀ ਸੀ। ਉਸ ਦੇ ਬਾਅਦ ਕਾਂਗਰਸ ਨੇ 8, ਪੀ ਡੀ ਪੀ ਨੇ 2 ਸੀਟਾਂ ਜਿੱਤੀਆਂ ਸਨ। ਪੰਜ ਆਜ਼ਾਦ ਜਿੱਤੇ ਸਨ ਤੇ ਭਾਜਪਾ ਨੂੰ ਇਕ ਸੀਟ ਮਿਲੀ ਸੀ। ਮੋਦੀ ਸਰਕਾਰ ਨੇ 5 ਅਗਸਤ 2019 ਨੂੰ ਜੰਮੂ-ਕਸ਼ਮੀਰ ਨੂੰ ਖਾਸ ਦਰਜਾ ਦਿੰਦੀ ਧਾਰਾ 370 ਖਤਮ ਕਰਕੇ ਜੰਮੂ-ਕਸ਼ਮੀਰ ਤੇ ਲੱਦਾਖ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਵੰਡ ਦਿੱਤਾ ਸੀ। ਸਿਆਸੀ ਜਾਣਕਾਰਾਂ ਦਾ ਕਹਿਣਾ ਹੈ ਕਿ ਭਾਜਪਾ ਨੇ ਇਸ ਖੇਤਰ ਵਿਚ ਕਮਲ ਖਿਲਾਉਣ ਲਈ ਕਾਫੀ ਸਰਗਰਮੀ ਦਿਖਾਈ ਸੀ, ਪਰ ਸਫਲ ਨਹੀਂ ਰਹੀ। ਉਂਜ ਲੱਦਾਖ ਦੀ ਲੋਕ ਸਭਾ ਸੀਟ 9 ਸਾਲ ਤੋਂ ਭਾਜਪਾ ਕੋਲ ਹੈ। ਸੀਨੀਅਰ ਪੱਤਰਕਾਰ ਲਲਿਤ ਰਾਇ ਦਾ ਕਹਿਣਾ ਹੈ ਕਿ ਰਾਹੁਲ ਦੀ 'ਭਾਰਤ ਜੋੜੋ' ਯਾਤਰਾ ਦਾ ਇਨ੍ਹਾਂ ਚੋਣਾਂ ਵਿਚ ਕਾਂਗਰਸ ਨੂੰ ਫਾਇਦਾ ਹੋਇਆ ਹੈ। ਧਾਰਾ 370 ਖਤਮ ਕਰਨ ਤੋਂ ਬਾਅਦ ਜੰਮੂ-ਕਸ਼ਮੀਰ ਵਿਚ ਕੋਈ ਵੱਡੀ ਚੋਣ ਨਹੀਂ ਹੋਈ ਤੇ ਕਾਰਗਿਲ ਦੀ ਚੋਣ ਨੇ ਇਸ਼ਾਰਾ ਕਰ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿਚ ਕੀ ਹੋਵੇਗਾ।

ਏਸ਼ੀਆਈ ਖੇਡਾਂ 'ਚ ਖਿਡਾਰੀਆਂ ਦੀ ਸਫ਼ਲਤਾ ਪਿੱਛੇ ਕੋਚਾਂ ਦਾ ਸਮਰਪਣ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਐਲਾਨ ਕੀਤਾ ਕਿ ਹਾਲ ਹੀ ਵਿੱਚ ਏਸ਼ੀਆਈ ਖੇਡਾਂ ਵਿੱਚ ਤਮਗੇ ਜਿੱਤਣ ਵਾਲੇ ਖਿਡਾਰੀਆਂ ਨੂੰ ਚੀਨ ਤੋਂ ਵਾਪਸੀ ਦੇ 10 ਦਿਨਾਂ ਦੇ ਅੰਦਰ-ਅੰਦਰ ਨਕਦ ਇਨਾਮ ਤੇ ਹੋਰ ਲਾਭ ਦਿੱਤੇ ਜਾਣਗੇ।

ਇੱਥੇ ਐਗਜ਼ੀਕਿਊਟਿਵ ਕੋਚਾਂ ਨਾਲ ਵਿਚਾਰ-ਵਟਾਂਦਰੇ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਤਮਗਾ ਜੇਤੂ ਖਿਡਾਰੀਆਂ ਦੇ ਸਨਮਾਨ ਦੀ ਕਦੇ ਪਰਵਾਹ ਨਹੀਂ ਕੀਤੀ, ਪਰ ਸਾਡੀ ਸਰਕਾਰ ਇਸ ਕੰਮ ਨੂੰ ਪੂਰੀ ਤਰਜੀਹ ਦੇਵੇਗੀ। ਇਕ ਖਿਡਾਰੀ ਦੇ ਜੀਵਨ ਵਿੱਚ ਕੋਚਾਂ ਦੀ ਫੈਸਲਾਕੁਨ ਭੂਮਿਕਾ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਲਈ ਖਿਡਾਰੀਆਂ ਨੂੰ ਤਿਆਰ ਕਰਨ ਵਾਸਤੇ ਕੋਚਾਂ ਦਾ ਰੋਲ ਅਹਿਮ ਹੁੰਦਾ ਹੈ। ਕੋਚਾਂ ਵੱਲੋਂ ਕੀਤੀ ਮਿਹਨਤ ਤੇ ਖਿਡਾਰੀਆਂ ਵਿੱਚ ਭਰੇ ਸਵੈ-ਵਿਸ਼ਵਾਸ ਨਾਲ ਉਹ ਮੈਦਾਨ ਵਿੱਚ ਮੱਲਾਂ ਮਾਰਦੇ ਹਨ। ਇਹ ਕੋਈ ਸਿਆਸੀ ਪ੍ਰੋਗਰਾਮ ਨਹੀਂ, ਸਗੋਂ ਇਸ ਦਾ ਉਦੇਸ਼ ਖਿਡਾਰੀਆਂ ਦੇ ਕੈਰੀਅਰ ਵਿੱਚ ਪਾਏ ਲਾਮਿਸਾਲ ਯੋਗਦਾਨ ਲਈ ਕੋਚਾਂ ਦਾ ਸਨਮਾਨ ਕਰਨਾ ਹੈ। ਇਹਨਾਂ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਕਈ ਤਮਗੇ ਜਿੱਤੇ ਹਨ। ਇਸ ਦਾ ਸਿਹਰਾ ਇਕ ਪਾਸੇ ਖਿਡਾਰੀਆਂ ਦੇ ਸਮਰਪਣ ਨੂੰ ਜਾਂਦਾ ਹੈ, ਦੂਜੇ ਪਾਸੇ ਕੋਚਾਂ ਵੱਲੋਂ ਨਿਭਾਈ ਮੋਹਰੀ ਭੂਮਿਕਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਮੁੱਖ ਮੰਤਰੀ ਨੇ ਕਿਹਾ ਕਿ ਖੇਡਾਂ ਦੇ ਖੇਤਰ ਵਿੱਚ ਹੀਰੇ ਪੈਦਾ ਕਰਨ ਲਈ ਕੋਚ ਬਹੁਤ ਘਾਲਣਾ ਘਾਲਦੇ ਹਨ ਅਤੇ ਪਰਮਾਤਮਾ ਦੀ ਮਿਹਰ ਸਦਕਾ ਇਹ ਜ਼ਿੰਮੇਵਾਰੀ ਉਨ੍ਹਾ ਨੂੰ ਮਿਲੀ ਹੈ। ਸੂਬਾ ਸਰਕਾਰ ਖਿਡਾਰੀਆਂ ਅਤੇ ਕੋਚਾਂ ਦੀ ਭਲਾਈ ਲਈ ਵਚਨਬੱਧ ਹੈ, ਜਿਸ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਇਹ ਬਹੁਤ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਉਨ੍ਹਾ ਦੀ ਸਰਕਾਰ ਨੇ 12000 ਤੋਂ ਵੱਧ

● ਬਾਕੀ ਸਫ਼ਾ 2 'ਤੇ

ਪੱਤਰਕਾਰਾਂ ਤੇ ਸਮਾਜ ਸੇਵੀਆਂ ਵਿਰੁੱਧ ਛਾਪਿਆਂ ਖਿਲਾਫ਼ 17 ਨੂੰ ਪੰਜਾਬ ਭਰ 'ਚ ਰੋਸ ਰੈਲੀਆਂ ਕਰਨ ਦਾ ਸੱਦਾ

ਚੰਡੀਗੜ੍ਹ : ਦੇਸ਼ ਦੇ ਪ੍ਰਸਿੱਧ 40 ਜਰਨਲਿਸਟਾਂ ਅਤੇ ਪੱਤਰਕਾਰਾਂ ਵਿਰੁੱਧ ਯੂ ਏ ਪੀ ਏ (ਅਣਉਚਿਤ ਸਰਗਰਮੀਆਂ ਰੋਕੂ ਕਾਨੂੰਨ) ਲਾਗੂ ਕਰਕੇ ਉਹਨਾਂ ਦੇ ਘਰਾਂ 'ਤੇ ਛਾਪੇ ਮਾਰਨ, ਗ੍ਰਿਫਤਾਰੀਆਂ ਕਰਕੇ ਸਾਜ਼ਿਸ਼ ਅਧੀਨ ਦੇਸ਼-ਵਿਰੋਧੀ ਤੇ ਬਦਨਾਮ ਕਰਨ ਦੀਆਂ ਮੋਦੀ ਸਰਕਾਰ ਦੀਆਂ ਕੋਝੀਆਂ ਚਾਲਾਂ ਦੀ ਨਿਖੇਧੀ ਕਰਦਿਆਂ ਪੰਜਾਬ ਸੀ ਪੀ ਆਈ ਨੇ 17 ਅਕਤੂਬਰ ਨੂੰ ਪੰਜਾਬ ਭਰ ਵਿਚ ਰੋਸ ਪ੍ਰਗਟ ਕਰਨ ਲਈ ਰੈਲੀਆਂ ਆਯੋਜਿਤ ਕਰਨ ਦਾ ਸੱਦਾ ਦਿੱਤਾ ਹੈ। ਸੋਮਵਾਰ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਦੇਸ਼ ਭਰ ਦੇ ਪ੍ਰਸਿੱਧ ਪੱਤਰਕਾਰਾਂ, ਜਿਨ੍ਹਾਂ ਆਰ ਐੱਸ ਐੱਸ-ਭਾਜਪਾ ਸਰਕਾਰ ਦਾ ਫਿਰਕੂ, ਜਮਹੂਰੀ ਅਤੇ ਸੰਵਿਧਾਨ ਵਿਰੋਧੀ ਫਾਸ਼ੀ ਚਿਹਰਾ ਨੰਗਾ ਕਰਨ ਵਿਚ ਲੋਕਤੰਤਰ ਦੀ ਰਾਖੀ ਲਈ ਦ੍ਰਿੜ੍ਹਤਾਪੂਰਵਕ ਦਲੇਰਾਨਾ ਪੱਤਰਕਾਰੀ ਦਾ ਸਬੂਤ ਦਿੱਤਾ ਹੈ, ਉਹਨਾਂ ਸਾਰਿਆਂ ਵਿਰੁੱਧ ਇਕੋ ਵੇਲੇ ਸਰਕਾਰ ਦਾ ਐਕਸ਼ਨ ਕੇਂਦਰ ਸਰਕਾਰ ਦੀ ਸਿਰੇ ਦੀ ਬੁਖਲਾਹਟ ਦਾ ਪ੍ਰਗਟਾਵਾ ਹੈ ਅਤੇ ਪੰਜਾਬ ਦੀਆਂ ਸਾਰੀਆਂ ਜਮਹੂਰੀ ਸ਼ਕਤੀਆਂ ਅਤੇ ਜਨਤਕ ਜਥੇਬੰਦੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ। ਉਹਨਾ ਕਿਹਾ ਕਿ ਪਹਿਲਾਂ ਤਿੰਨ ਦਰਜਨ ਤੋਂ ਵੱਧ ਪ੍ਰਗਤੀਸ਼ੀਲ ਲੇਖਕ, ਬੁੱਧੀਜੀਵੀ ਅਤੇ ਸਮਾਜ ਸੇਵੀ ਸ਼ਖਸੀਅਤਾਂ ਇਸ ਫਿਰਕੂ ਸਰਕਾਰ ਦੀਆਂ ਜੇਲ੍ਹਾਂ ਵਿਚ ਅੱਤਿਆਚਾਰ ਦਾ ਮੁਕਾਬਲਾ ਕਰ ਰਹੀਆਂ ਹਨ। ਉਹਨਾ ਨੇ ਸਭਨਾਂ ਦੀ ਤੁਰੰਤ ਰਿਹਾਈ ਅਤੇ ਸਾਰੇ ਝੂਠੇ ਮੁਕੱਦਮੇ ਵਾਪਸ ਲੈਣ ਦੀ ਮੰਗ ਕੀਤੀ ਹੈ। ਸਾਥੀ ਬਰਾੜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 12 ਘੰਟੇ ਦੀ ਦਿਹਾੜੀ ਦੇ ਐਲਾਨ ਨਾਲ ਪੰਜਾਬ ਦੀ ਮਜ਼ਦੂਰ ਜਮਾਤ ਠੱਗੀ ਹੋਈ ਮਹਿਸੂਸ ਕਰ ਰਹੀ ਹੈ। ਪਾਰਟੀ ਅਤੇ ਜਮਹੂਰੀ ਸ਼ਕਤੀਆਂ ਪੰਜਾਬ ਅੰਦਰ ਇਸ ਨੋਟੀਫਿਕੇਸ਼ਨ ਨੂੰ ਕਿਸੇ ਪ੍ਰਕਾਰ ਵੀ ਲਾਗੂ ਨਹੀਂ ਹੋਣ ਦੇਣਗੀਆਂ।

ਪੰਜਾਬ ਦੇ ਮਸਲਿਆਂ ਬਾਰੇ ਵਿਸ਼ੇਸ਼ ਕਰਕੇ ਐੱਸ ਵਾਈ ਐੱਲ ਨਹਿਰ ਦੇ ਮਸਲੇ 'ਤੇ ਪੰਜਾਬ ਸਰਕਾਰ ਦੇ ਮੌਕਾਪ੍ਰਸਤੀ ਅਤੇ ਪੰਜਾਬ ਵਿਰੋਧੀ ਸਟੈਂਡ 'ਤੇ ਰੋਸ ਪ੍ਰਗਟ ਕਰਨ ਦਾ ਸੱਦਾ ਦਿੱਤਾ ਹੈ। ਉਪਰੋਕਤ ਸੁਆਲਾਂ 'ਤੇ ਸਾਥੀ ਬਰਾੜ ਨੇ ਪੰਜਾਬ ਦੀਆਂ ਸਾਰੀਆਂ ਜਮਹੂਰੀ ਅਤੇ ਜਨਤਕ ਜਥੇਬੰਦੀਆਂ ਨੂੰ ਸਾਂਝੇ ਤੌਰ 'ਤੇ ਆਵਾਜ਼ ਬੁਲੰਦ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।

ਸ਼ਾਹਰੁਖ ਨੂੰ ਵਾਈ ਪਲੱਸ ਸੁਰੱਖਿਆ

ਮੁੰਬਈ : ਮਹਾਰਾਸ਼ਟਰ ਪੁਲਸ ਨੇ ਸ਼ਾਹਰੁਖ ਖਾਨ (57) ਦੀ ਜਾਨ ਨੂੰ ਸੰਭਾਵਤ ਖਤਰੇ ਦੇ ਮੱਦੇਨਜ਼ਰ ਉਸ ਨੂੰ ਵਾਈ ਪਲੱਸ ਸ਼੍ਰੇਣੀ ਦੀ ਸੁਰੱਖਿਆ ਪ੍ਰਦਾਨ ਕੀਤੀ ਹੈ। ਇਸ ਤਹਿਤ ਛੇ ਕਮਾਂਡੋ ਅਤੇ ਪੁਲਸ ਐਸਕਾਰਟ ਵਾਹਨ ਸਮੇਤ 11 ਸੁਰੱਖਿਆ ਮੁਲਾਜ਼ਮ ਦਿੱਤੇ ਗਏ ਹਨ। ਸ਼ਾਹਰੁਖ ਨੂੰ ਉਸ ਦੀ ਹਾਲੀਆ ਫਿਲਮ 'ਜਵਾਨ' ਦੀ ਰਿਲੀਜ਼ ਤੋਂ ਬਾਅਦ ਧਮਕੀਆਂ ਮਿਲ ਰਹੀਆਂ ਹਨ। ਇਹ ਸੁਰੱਖਿਆ ਮੁਫਤ ਨਹੀਂ ਹੈ ਅਤੇ ਸ਼ਾਹਰੁਖ ਨੂੰ ਇਸ ਦਾ ਭੁਗਤਾਨ ਕਰਨਾ ਪਵੇਗਾ।

ਨਿਊਜ਼ ਕਲਿੱਕ ਬਾਰੇ ਫੈਸਲਾ ਰਾਖਵਾਂ

ਨਵੀਂ ਦਿੱਲੀ : 'ਨਿਊਜ਼ ਕਲਿੱਕ' ਵਿਵਾਦ 'ਚ ਦਿੱਲੀ ਹਾਈ ਕੋਰਟ ਨੇ ਯੂ ਏ ਪੀ ਏ ਤਹਿਤ ਗ੍ਰਿਫਤਾਰੀ ਤੇ ਪੁਲਸ ਰਿਮਾਂਡ ਨੂੰ ਚੁਣੌਤੀ ਦੇਣ ਵਾਲੀਆਂ ਪੋਰਟਲ ਦੇ ਸੰਸਥਾਪਕ ਪ੍ਰਬੀਰ ਪੁਰਕਾਇਸਥ ਤੇ ਐੱਚ ਆਰ ਮੁਖੀ ਦੀਆਂ ਪਟੀਸ਼ਨਾਂ 'ਤੇ ਸੋਮਵਾਰ ਫੈਸਲਾ ਰਾਖਵਾਂ ਰੱਖ ਲਿਆ।

ਨਾਇਡੂ ਦੀਆਂ ਅਰਜ਼ੀਆਂ ਰੱਦ

ਅਮਰਾਵਤੀ : ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਵੱਲੋਂ ਵੱਖ-ਵੱਖ ਮਾਮਲਿਆਂ 'ਚ ਦਾਇਰ ਤਿੰਨ ਜ਼ਮਾਨਤ ਪਟੀਸ਼ਨਾਂ ਨੂੰ ਸੋਮਵਾਰ ਰੱਦ ਕਰ ਦਿੱਤਾ।

ਪਟਾਕਾ ਫੈਕਟਰੀ 'ਚ ਅੱਗ, 9 ਮੌਤਾਂ

ਅਰਿਆਲੂਰ : ਤਾਮਿਲਨਾਡੂ ਦੇ ਅਰਿਆਲੂਰ ਜ਼ਿਲ੍ਹੇ ਦੇ ਪਿੰਡ ਵਿਰਾਗਲੂਰ 'ਚ ਸੋਮਵਾਰ ਪਟਾਕਾ ਫੈਕਟਰੀ ਵਿਚ ਅੱਗ ਲੱਗਣ ਕਾਰਨ ਘੱਟੋ-ਘੱਟ 9 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਪੰਜ ਜ਼ਖਮੀ ਹੋ ਗਏ।

ਬੱਸ ਖੱਡ 'ਚ ਡਿੱਗੀ, 6 ਮੌਤਾਂ

ਦੇਹਰਾਦੂਨ : ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦੇ ਪਿੰਡ ਪੱਤਣ ਦੇ ਨਿਊ ਮਾਨਵ

ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕੀਤਾ ਜਾਗਰੂਕ

ਮੋਗਾ (ਅਮਰਜੀਤ ਬੱਬਰੀ)- ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਜੇ ਇਲਨਚੇਲੀਅਨ ਆਈ ਪੀ ਐਸ ਸੀਨੀਅਰ ਕਪਤਾਨ ਪੁਲਸ ਦੇ ਦਿਸ਼ਾ-ਨਿਰਦੇਸ਼ ਹੇਠ ਜੋਰਾ ਸਿੰਘ ਕਾਂਗੜਾ ਡੀਐਸਪੀ ਟ੍ਰੈਫ਼ਿਕ ਤੇ ਸ੍ਰੀ ਅਮਰੀਸ਼ ਕੁਮਾਰ ਸੀਜੀਐਮ ਜੀ ਦੀ ਰਹਿਨੁਮਾਈ ਹੇਠ ਗੁਰੂ ਨਾਨਕ ਕਾਲਜ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਨਸ਼ੇ ਦੇ ਮਾੜੇ ਪ੍ਰਭਾਵ ਸਬੰਧੀ ਵਿਸਥਾਰ ਪੂਰਵਕ ਜਾਗਰੂਕ ਕੀਤਾ ਗਿਆ।ਇਸ ਮੌਕੇ ਏਐਸਆਈ ਕੇਵਲ ਸਿੰਘ ਇੰਚਾਰਜ ਟ੍ਰੈਫ਼ਿਕ ਐਜੂਕੇਸ਼ਨ ਸੈੱਲ ਮੋਗਾ, ਐਡਵੋਕੇਟ ਗੁਰਜੀਤ ਸਿੰਘ ਹਾਂਡਾ ਜ਼ਿਲ੍ਹਾ ਕਚਹਿਰੀਆਂ ਮੋਗਾ, ਮਿਸ ਪੂਜਾ ਰਿਸ਼ੀ ਇੰਚਾਰਜ ਓਟ ਸੈਂਟਰ ਮੋਗਾ, ਅੰਮ੍ਰਿਤਪਾਲ ਸ਼ਰਮਾ ਜ਼ਿਲ੍ਹਾ ਮੀਡੀਆ ਇੰਚਾਰਜ ਸਿਵਲ ਸਰਜਨ ਦਫ਼ਤਰ ਨੇ ਸੰਬੋਧਨ ਕੀਤਾ।ਏਐਸਆਈ ਕੇਵਲ ਸਿੰਘ ਇੰਚਾਰਜ ਟ੍ਰੈਫ਼ਿਕ ਐਜੂਕੇਸ਼ਨ ਸੈੱਲ ਨੇ ਸਾਰਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਨਸ਼ਾ ਵੇਚਣ ਵਾਲਿਆਂ ਦੀ ਜਾਣਕਾਰੀ ਮੋਬਾਇਲ ਨੰਬਰ 7527000165 'ਤੇ ਦੇਣ ਸਬੰਧੀ ਸਬੰਧੀ ਅਤੇ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਜਾਗਰੂਕ ਕੀਤਾ।ਐਡਵੋਕੇਟ ਗੁਰਜੀਤ ਸਿੰਘ ਹਾਂਡਾ ਜ਼ਿਲ੍ਹਾ ਕਚਹਿਰੀਆਂ ਮੋਗਾ ਨੇ ਨਸ਼ਾ ਵੇਚਣ ਨਾਲ ਹੋਣ ਵਾਲੀ ਸਜ਼ਾ ਸਬੰਧੀ ਅਤੇ ਮਿਲਣ ਵਾਲੀ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਵੀ ਜਾਣਕਾਰੀ ਦਿੱਤੀ ।ਮਿਸ ਪੂਜਾ ਰਿਸ਼ੀ ਇੰਚਾਰਜ ਓਟ ਸੈਂਟਰ ਮੋਗਾ ਨਸ਼ੇ ਦੇ ਬੁਰੇ ਪ੍ਰਭਾਵਾਂ ਸਬੰਧੀ ਅਤੇ ਨਸ਼ਾ ਕਰਨ ਵਾਲਿਆਂ ਨੂੰ ਆਪਣਾ ਇਲਾਜ ਓਟ ਸੈਂਟਰਾਂ ਪਾਸੋਂ ਕਰਾਉਣ ਸਬੰਧੀ ਜਾਗਰੂਕ ਕੀਤਾ।ਅੰਮ੍ਰਿਤਪਾਲ ਸ਼ਰਮਾ ਜ਼ਿਲ੍ਹਾ ਮੀਡੀਆ ਇੰਚਾਰਜ ਸਿਵਲ ਸਰਜਨ ਦਫ਼ਤਰ ਨੇ ਨਸ਼ਿਆਂ ਦੇ ਬੁਰੇ ਪ੍ਰਭਾਵਾ ਸੰਬੰਧੀ ਵਿਸਥਾਰਪੂਰਵਕ ਜਾਗਰੂਕ ਕੀਤਾ।

ਜ਼ਿਲ੍ਹਾ ਪੱਧਰੀ ਟੂਰਨਾਮੈਂਟ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਲੂਰ ਨੇ ਮਾਰੀਆਂ ਮੱਲਾਂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)- ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾ ਰਹੇ ਟੂਰਨਾਮੈਂਟ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਲੂਰ, ਬਲਾਕ ਸਤੀਏ ਵਾਲਾ, ਜ਼ਿਲ੍ਹਾ ਫ਼ਿਰੋਜ਼ਪੁਰ ਨੇ ਜ਼ਿਲ੍ਹਾ ਯੋਗਾ ਕੰਪੀਟੀਸ਼ਨ ਵਿੱਚ ਜ਼ਿਲ੍ਹਾ ਪੱਧਰ 'ਤੇ ਅੰਡਰ 17 ਲੜਕੀਆਂ ਨੇਹਾ, ਨੇਹਾ, ਪਲਕ, ਅਕਲਦੀਪ ਨੇ ਆਪਣੀ ਚੰਗੀ ਕਾਰ ਗੁਜ਼ਾਰੀ ਦਾ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਇਸ ਸਕੂਲ ਨੇ ਟੇਬਲ ਟੈਨਿਸ ਟੂਰਨਾਮੈਂਟ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਦੇ ਹੋਏ ਅੰਡਰ 17 ਦੂਜਾ ਸਥਾਨ ਪ੍ਰਾਪਤ ਕੀਤਾ।ਦੋ ਲੜਕੀਆਂ ਰਮਨਦੀਪ ਕੌਰ ਤੇ ਖੁਸ਼ਪ੍ਰੀਤ ਕੌਰ ਨੇ ਸਟੇਟ ਪੱਧਰ ਦੀਆਂ ਖੇਡਾਂ ਵਿੱਚ ਭਾਗ ਲੈਣ ਲਈ ਆਪਣੀ ਥਾਂ ਬਣਾਈ।ਲੜਕਿਆਂ ਦੇ ਟੇਬਲ ਟੈਨਿਸ ਟੂਰਨਾਮੈਂਟ ਵਿੱਚ ਸਕੂਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਗੁਰਵਿੰਦਰ ਸਿੰਘ ਨੇ ਸਟੇਟ ਪੱਧਰ 'ਤੇ ਖੇਡਣ ਲਈ ਆਪਣੀ ਥਾਂ ਬਣਾਈ।ਇਸ ਮੌਕੇ ਬੀਐੱਨਓ ਰੁਪਿੰਦਰ ਕੌਰ ਤੇ ਪ੍ਰਿੰਸੀਪਲ ਪੂਨਮ ਕਾਲੜਾ ਤੇ ਸਮੂਹ ਸਟਾਫ਼ ਨੇ ਸਾਰੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਪ੍ਰਿੰਸੀਪਲ ਨੇ ਕਿਹਾ ਕਿ ਵਿਦਿਆਰਥੀ ਜੀਵਨ ਵਿੱਦਿਆ ਪ੍ਰਾਪਤੀ ਦਾ ਸੁਨਹਿਰਾ ਮੌਕਾ ਹੈ।ਪੜ੍ਹਾਈ ਕਰਨ ਲਈ ਤੰਦਰੁਸਤ ਸਰੀਰ ਦੀ ਲੋੜ ਹੁੰਦੀ ਹੈ।ਰੋਗ ਰਹਿਣ ਲਈ ਚੰਗੀ ਖੁਰਾਕ ਤੇ ਖੇਡਾਂ ਮਹੱਤਵਪੂਰਨ ਹਿੱਸਾ ਪਾਉਂਦੀਆਂ ਹਨ।ਉਨ੍ਹਾਂ ਨੇ ਕਿਹਾ ਜਿੱਥੇ ਇਹ ਸਫਲਤਾ ਬੱਚਿਆਂ ਦੀ ਸਖਤ ਮਿਹਨਤ ਦਾ ਨਤੀਜਾ ਹੈ, ਉਥੇ ਇਨ੍ਹਾਂ ਬੱਚਿਆਂ ਨੂੰ ਤਿਆਰੀ ਕਰਾਉਣ ਵਾਲੇ ਅਧਿਆਪਕ ਵੀ ਵਧਾਈ ਦਾ ਪਾਤਰ ਹਨ।ਪ੍ਰਿੰਸੀਪਲ ਅਤੇ ਸਮੂਹ ਸਟਾਫ ਨੇ ਸਟੇਟ ਪੱਧਰ ਤੇ ਖੇਡਣ ਜਾ ਰਹੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਹਨ।

80 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਦਾ ਵਿਸ਼ੇਸ਼ ਸਨਮਾਨ

ਮੋਗਾ (ਅਮਰਜੀਤ ਬੱਬਰੀ)-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਚੋਣ ਦਫ਼ਤਰ ਵੱਲੋਂ 80 ਸਾਲ ਤੋਂ ਵੱਧ ਉਮਰ ਦੇ ਸਾਰੇ ਸੀਨੀਅਰ ਸਿਟੀਜ਼ਨ ਵੋਟਰਾਂ ਨੂੰ ਚੋਣ ਪ੍ਰੀਕ੍ਰਿਆ ਤੇ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਪਾਏ ਗਏ ਲਗਾਤਾਰ ਯੋਗਦਾਨ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਬਜ਼ੁਰਗਾਂ ਨੇ ਜੀਵਨ ਭਰ ਚੋਣ ਪ੍ਰੀਕ੍ਰਿਆ ਅਤੇ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ।ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਇਨ੍ਹਾਂ ਸਾਰੇ ਬਜ਼ੁਰਗਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਮੋਗਾ ਵਿੱਚ 80 ਸਾਲ ਤੋਂ ਵੱਧ ਉਮਰ ਦੇ 16599 ਦੇ ਕਰੀਬ ਵੋਟਰ ਹਨ, ਜਿਨ੍ਹਾਂ ਵਿੱਚ 185 ਵੋਟਰਾਂ ਦੀ ਉਮਰ 100 ਸਾਲ ਤੋਂ ਵੀ ਵੱਧ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ 80 ਸਾਲ ਤੋਂ ਵੱਧ ਉਮਰ ਦੇ 10 ਬਜ਼ੁਰਗਾਂ ਨੂੰ ਚੋਣ ਕਮਿਸ਼ਨ ਵੱਲੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ਹੈ।ਇਸ ਤੋਂ ਇਲਾਵਾ ਹਰ ਵਿਧਾਨ ਸਭਾ ਹਲਕੇ ਵਿੱਚ ਸੈਕਟਰ ਪੱਧਰ ਅਤੇ ਬੂਥ ਪੱਧਰ 'ਤੇ ਵੀ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਬੂਥ ਪੱਧਰ 'ਤੇ ਘਰ-ਘਰ ਜਾ ਕੇ 100 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਜਾ ਰਿਹਾ ਹੈ।

ਕਰ ਭਲਾ ਹੋ ਭਲਾ ਸੰਸਥਾ ਨੇ 40 ਲੋੜਵੰਦ ਪਰਵਾਰਾਂ ਨੂੰ ਦਿੱਤਾ ਰਾਸ਼ਨ

ਜਗਰਾਓਂ (ਅਮਿਤ ਖੰਨਾ)-ਸਥਾਨਕ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਵਿਖੇ ਕਰ ਭਲਾ ਹੋ ਭਲਾ ਸੰਸਥਾ ਵੱਲੋਂ ਕਰਵਾਏ 41ਵੇਂ ਸਮਾਗਮ ਵਿੱਚ 40 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਤਕਸੀਮ ਕੀਤਾ ਗਿਆ। ਇਸ ਮੌਕੇ ਕਰ ਭਲਾ ਹੋ ਭਲਾ ਟੀਮ ਦੇ ਚੇਅਰਮੈਨ ਅਮਿਤ ਅਰੋੜਾ, ਵਾਈਸ ਚੇਅਰਮੈਨ ਕਪਿਲ ਨਰੂਲਾ, ਪ੍ਰਧਾਨ ਨਾਨੇਸ਼ ਗਾਂਧੀ, ਵਾਈਸ ਪ੍ਰਧਾਨ ਮਾਹੇਸ਼ ਟੰਡਨ, ਵਿਸ਼ਾਲ ਸ਼ਰਮਾ, ਕੈਸ਼ੀਅਰ ਰਾਹੁਲ, ਭੁਪਿੰਦਰ ਸਿੰਘ ਮੁਰਲੀ, ਕਮਲ ਕੁਮਾਰ, ਨੀਰਜ ਕਟਾਰੀਆ, ਸੋਨੀ ਮੱਕੜ, ਹੈਪੀ ਮਾਨ, ਸੁਮਿਤ ਸ਼ਾਸਤਰੀ, ਸੁਨੀਲ ਬਜਾਜ, ਜਗਦੀਸ਼ ਖੁਰਾਣਾ, ਬਿੱਟੂ, ਪ੍ਰਹਲਾਦ ਸਿੰਗਲਾ, ਰਾਜਿੰਦਰ ਜੈਨ ਕਾਕਾ, ਮਨੀਸ਼ ਚੁੱਘ, ਆਤਮਜੀਤ ਸਮੇਤ ਸੰਸਥਾ ਦੇ ਮੈਂਬਰਾਂ ਨੇ ਕਿਹਾ ਕਿ ਸੰਸਥਾ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਪਿਛਲੇ 40 ਮਹੀਨਿਆਂ ਤੋਂ ਹਰੇਕ ਮਹੀਨੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦੇਣ ਤੋਂ ਇਲਾਵਾ ਅਣਪਛਾਤੀ ਵਿਅਕਤੀਆਂ ਦੀਆਂ ਲਾਸ਼ਾਂ ਦਾ ਅੰਤਿਮ ਸੰਸਕਾਰ ਤੇ ਜ਼ਰੂਰਤਮੰਦ ਮਰੀਜ਼ਾਂ ਨੂੰ ਐਂਬੂਲੈਂਸ ਦੀ ਸਹੂਲਤ ਵੀ ਦਿੱਤੀ ਜਾਂਦੀ ਹੈ।

ਸੈਂਬਰੇ ਇੰਟਰਨੈਸ਼ਨਲ ਇੰਸਟੀਚਿਊਟ ਮੇਕਅੱਪ ਸੰਬੰਧੀ ਸੈਮੀਨਾਰ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੈਂਬਰੇ ਇੰਟਰਨੈਸ਼ਨਲ ਇੰਸਟੀਚਿਊਟ ਵੱਲੋਂ ਵਿਦੇਸ਼ਾਂ 'ਚ ਵਧ ਰਹੀ ਮੰਗ ਦੇ ਮੱਦੇ ਨਜ਼ਰ ਸੁੰਦਰਤਾ ਸਬੰਧੀ ਵਰਤੇ ਜਾਣ ਵਾਲੇ ਟਿਪਸ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਮਨੁੱਖੀ ਸਰੀਰ ਦੀ ਸੁੰਦਰਤਾ ਵਧਾਉਣ ਤੇ ਬਣਾਈ ਰੱਖਣ ਲਈ ਸੈਮੀਨਾਰ ਵਿੱਚ ਪਹੁੰਚੇ ਸਿੱਖਿਆਰਥੀਆਂ ਨਾਲ ਨੁਕਤੇ ਸਾਂਝੇ ਕੀਤੇ। ਜਾਣਕਾਰੀ ਦਿੰਦਿਆਂ ਸੈਂਬਰੇ ਇੰਟਰਨੈਸ਼ਨਲ ਇੰਸਟੀਚਿਊਟ ਦੇ ਮੈਨੇਜਿੰਗ ਡਾਇਰੈਕਟਰ ਤਰਸੇਮ ਸੈਮ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਬਿਊਟੀਸ਼ਨ ਦੇ ਵਧਦੇ ਰੁਝਾਨ ਨੂੰ ਦੇਖਦਿਆਂ ਉਨ੍ਹਾਂ ਦੇ ਇੰਸਟੀਚਿਊਟ ਵੱਲੋਂ ਮੇਕਅਪ ਦੇ ਵੱਖ-ਵੱਖ ਨੁਕਤਿਆਂ ਸਬੰਧੀ ਜਾਣੂ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਮੇਕਅੱਪ ਆਰਟਿਸਟ ਮਨਪ੍ਰੀਤ ਕੌਰ ਨੇ ਮੇਕਅੱਪ ਸਬੰਧੀ, ਹਰਦੀਪ ਸਿੰਘ ਨੇ ਹੇਅਰ ਡਿਜ਼ਾਇਨਿੰਗ ਜਤਿੰਦਰ ਸਿੰਘ ਨੇ ਨੇਲ ਆਰਟੀਕਲ, ਕਰਮਜੀਤ ਕੌਰ ਨੇ ਸਕਿਨ ਸਮੱਸਿਆਵਾਂ ਸਬੰਧੀ ਜਾਣੂ ਕਰਵਾਇਆ। ਇਸ ਸੈਮੀਨਾਰ 'ਚ ਹੋਰਨਾਂ ਤੋਂ ਇਲਾਵਾ ਮੈਡਮ ਕਰਮ, ਸੁਖਵਿੰਦਰ ਸਿੰਘ, ਗੁਲਾਬ ਸਿੰਘ, ਸੰਦੀਪ ਕੌਰ, ਬਿੰਦਰ ਕੌਰ ਤੇ ਹਰਮੇਲ ਸਿੰਘ ਆਦਿ ਹਾਜ਼ਰ ਸਨ।

ਜਾਮਾ ਰਾਖਈਆਂ 'ਚ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸਮਾਗਮ 21 ਤੋਂ

ਮਮਦੋਟ (ਜਸਬੀਰ ਸਿੰਘ ਕੰਬੋਜ)-ਬਲਾਕ ਮਮਦੋਟ ਅਧੀਨ ਆਉਂਦੇ ਪਿੰਡ ਜਾਮਾ ਰੱਖਈਆਂ ਉਤਾੜ ਦੇ ਗੁਰਦੁਆਰਾ ਸਾਹਿਬ ਵਿਖੇ ਨਗਰ ਦੇ ਨੌਜਵਾਨ ਸੇਵਾਦਾਰ ਤੇ ਬਾਬਾ ਨੱਥਾ ਜੀ ਬਾਬਾ ਅਬਦੁੱਲਾ ਜੀ ਸ਼੍ਰੋਮਣੀ ਰਾਗੀ ਢਾਡੀ ਗ੍ਰੰਥੀ ਸਭਾ ਇਕਾਈ ਮਮਦੋਟ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਦੇ ਸਰਪੰਚ ਕੁਲਵੰਤ ਸਿੰਘ, ਪ੍ਰਧਾਨ ਬਾਬਾ ਲਾਲ ਸਿੰਘ, ਸੇਵਾਦਾਰ ਕੁਲਦੀਪ ਸਿੰਘ, ਬੋਹੜ ਸਿੰਘ, ਜਸਵੰਤ ਸਿੰਘ, ਬਾਬਾ ਸਰਦੂਲ ਸਿੰਘ ਨੇ ਦੱਸਿਆ ਕਿ ਪਿੰਡ ਜਾਮਾ ਰੱਖਈਆਂ ਉਤਾੜ ਵਿਖੇ ਹਰ ਸਾਲ ਦੀ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜੇ ਨੂੰ ਸਮਰਪਤ ਸਲਾਨਾ ਸਮਾਗਮ 21-22-23 ਅਕਤੂਬਰ 2023 ਨੂੰ ਪਿੰਡ ਦੀ ਸਰਬੱਤ ਸੰਗਤ ਤੇ ਗ੍ਰੰਥੀ ਸਭਾ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ 21 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ 23 ਅਕਤੂਬਰ ਨੂੰ ਭੋਗ ਪਾਏ ਜਾਣਗੇ। ਭੋਗ ਉਪਰੰਤ ਸਵੇਰੇ 10 ਵਜੇ ਤੋਂ ਲੈ ਕੇ 4 ਵਜੇ ਤੱਕ ਕੀਰਤਨ ਦਰਬਾਰ ਸਜਾਇਆ ਜਾਵੇਗਾ। ਸਮਾਗਮ ਦੌਰਾਨ ਗੁਰੂ ਕਾ ਅਤੁੱਟ ਲੰਗਰ 24 ਘੰਟੇ ਵਰਤੇਗਾ। ਅਖੀਰ ਵਿੱਚ ਸੇਵਾਦਾਰਾਂ ਨੇ ਇਲਾਕਾ ਨਿਵਾਸੀ ਸਰਬੱਤ ਸੰਗਤ ਨੂੰ ਸਮਾਗਮ 'ਚ ਪਰਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ।

ਭਾਰਤ ਭੂਸ਼ਣ ਨੇ ਮੁਕਤਸਰ ਦੇ ਮਿਲਰਾਂ ਨਾਲ ਕੀਤੀ ਮੀਟਿੰਗ

ਆਉਂਦੇ ਸੀਜ਼ਨ 'ਚ ਪੈਡੀ ਸਟੋਰ ਨਾ ਕਰਨ ਤੇ ਹੜਤਾਲ ਕਰਨ ਦਾ ਕੀਤਾ ਫੈਸਲਾ

ਮੁਕਤਸਰ (ਸ਼ਮਿੰਦਰਪਾਲ/ਪੂਜਾ)-ਸ੍ਰੀ ਮੁਕਤਸਰ ਸਾਹਿਬ ਦੇ ਮੌਡ ਰੋਡ ਸਥਿਤ ਨਰਿੰਦਰਾ ਰਾਈਸ ਮਿੱਲ 'ਚ ਸੋਮਵਾਰ ਨੂੰ ਰਾਈਸ ਮਿੱਲ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਬਾਂਸਲ ਨੇ ਰਾਈਸ ਮਿਲਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਮਿਲਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੇ ਮੰਗਾਂ ਪ੍ਰਤੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਪੰਜਾਬ ਪ੍ਰਧਾਨ ਭਾਰਤ ਭੂਸ਼ਣ ਬਿੰਟਾ ਨੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਪ੍ਰਤੀ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਆਉਂਦੇ ਸੀਜ਼ਨ 'ਚ ਪੈਡੀ ਸਟੋਰ ਨਾ ਕਰਨ 'ਤੇ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਰਾਮਪਾਲ, ਵਰੁਣ ਕਾਲੜਾ, ਰਵੀ ਗਰਗ, ਰਾਜਿੰਦਰ ਗੁਪਤਾ, ਬੋਗੀ ਗਰਗ, ਮਨੂੰ ਗਰਗ, ਤਰਸੇਮ ਸਿੰਘ, ਨਾਨੂ ਅਹੁਜਾ, ਸਾਹਿਲ ਗਰਗ ਸਮੇਤ ਵੱਡੀ ਗਿਣਤੀ 'ਚ ਮਿਲਰ ਮੌਜੂਦ ਸਨ।

ਤੋਲਾਵਾਲ 'ਚ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ 12 ਨੂੰ

ਚੀਮਾ ਮੰਡੀ (ਰਵਿੰਦਰ ਚੀਮਾ)-ਯੂਥ ਸਪੋਰਟਸ ਕਲੱਬ ਤੋਲਾਵਾਲ ਵੱਲੋਂ ਅੱਖਾਂ ਦਾ ਪੰਜਵਾਂ ਮੁਫਤ ਅਪ੍ਰੇਸ਼ਨ ਕੈਂਪ 12 ਅਕਤੂਬਰ ਨੂੰ ਪਿੰਡ ਦੀ ਹਰੀ ਪੱਤੀ ਦੇ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ। ਕਲੱਬ ਦੇ ਪ੍ਰਧਾਨ ਅਜਾਇਬ ਸਿੰਘ ਤੇ ਸਾਬਕਾ ਸਰਪੰਚ ਨਿਰਮਲ ਸਿੰਘ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦਾ ਮੁਫਤ ਨਿਰੀਖਣ ਕੀਤਾ ਜਾਵੇਗਾ ਤੇ ਮਰੀਜ਼ਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਵੀ ਮੁਫਤ ਕੀਤੇ ਜਾਣਗੇ। ਇਸ ਕੈਂਪ ਦਾ ਉਦਘਾਟਨ ਜਗਤਜੀਤ ਗਰੁੱਪ ਚੀਮਾ ਦੇ ਐੱਮ ਡੀ ਜਗਤਜੀਤ ਸਿੰਘ ਮੁੱਖ ਮਹਿਮਾਨ ਵਜੋਂ ਕਰਨਗੇ। ਇਸ ਕੈਂਪ ਦੌਰਾਨ ਕਲੱਬ ਵੱਲੋਂ ਡੀ ਐੱਮ ਸੀ ਹਸਪਤਾਲ ਲੁਧਿਆਣਾ ਦੇ ਦਿਮਾਗੀ ਰੋਗਾਂ ਦੇ ਮਾਹਰ ਡਾ. ਰਜਿੰਦਰ ਬਾਂਸਲ ਮੈਂਬਰ ਮੈਨੇਜਮੈਂਟ ਬੋਰਡ ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਦਾ ਇਲਾਕੇ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਬਲਵੀਰ ਸਿੰਘ ਭੰਮ, ਜਗਰਾਜ ਸਿੰਘ, ਸੁਖਚੈਨ ਸਿੰਘ, ਮਨਧੀਰ ਸਿੰਘ, ਕਾਲਾ ਸਿੰਘ, ਹਰਬੰਸ ਸਿੰਘ ਤੇ ਕਰਮਜੀਤ ਸਿੰਘ ਸ਼ਾਮਲ ਸਨ।

ਇੰਜ. ਰਵੀ ਕੁਮਾਰ ਬਣੇ ਕੌਂਸਲ ਦੇ ਪ੍ਰਧਾਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂ

10-Oct-PAGE-3.qxd 10/9/2023 10:32 PM Page 1

ਆਮ ਆਦਮੀ ਪਾਰਟੀ ਬਲਾਕ ਮਜੀਠਾ ਦੀ ਭਰਵੀਂ ਮੀਟਿੰਗ

ਮਜੀਠਾ (ਸੋਇਮ ਆਨੰਦ)-ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਇਕ ਵਿਸ਼ੇਸ਼ ਮੀਟਿੰਗ ਆਪ ਆਗੂ ਪ੍ਰਿਤਪਾਲ ਸਿੰਘ ਬੱਲ ਮਜੀਠਾ ਦੇ ਗ੍ਰਹਿ ਵਿਖੇ ਹੋਈ ਜਿਸ ਵਿੱਚ ਪਾਰਟੀ ਦੇ ਲੋਕ ਸਭਾ ਹਲਕਾ ਅੰਮ੍ਰਿਤਸਰ ਦੇ ਇੰਚਾਰਜ ਇਕਬਾਲ ਸਿੰਘ ਭੁੱਲਰ, ਚੇਅਰਮੈਨ ਜਸਪ੍ਰੀਤ ਸਿੰਘ ਅਤੇ ਚੇਅਰਮੈਨ ਵਰੁਨ ਰਾਜਾਸਾਂਸੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਉਕਤ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਦਿਨ-ਬ-ਦਿਨ ਵਧ ਰਹੀ ਲੋਕਪ੍ਰਿਯਤਾ ਵੇਖ ਕੇ ਪ੍ਰਧਾਨ ਮੰਤਰੀ ਮੋਦੀ ਬੌਖਲਾਹਟ ਵਿੱਚ ਆ ਕੇ ਆਮ ਆਦਮੀ ਦੇ ਸੀਨੀਅਰ ਵਰਕਰਾਂ ਨੂੰ ਤੰਗ ਪਰੇਸ਼ਾਨ ਕਰ ਰਿਹਾ ਹੈ ਜੋ ਦੇਸ਼ ਦੀ ਜਨਤਾ ਬਰਦਾਸ਼ਤ ਨਹੀਂ ਕਰੇਗੀ ਤੇ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਭਾਰੀ ਬਹੁਮਤ ਹਾਸਲ ਕਰਕੇ ਦੇਸ਼ ਦਾ ਇਤਿਹਾਸ ਸਿਰਜੇਗੀ ਅਤੇ ਪੰਜਾਬ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਆਮ ਆਦਮੀ ਪਾਰਟੀ ਦੀ ਝੋਲੀ ਪਾਉਣਗੇ। ਉਨ੍ਹਾਂ ਕਿਹਾ ਕਿ ਜੋ ਪੰਜਾਬ ਵਿੱਚ ਸਾਰੀਆਂ ਪਾਰਟੀਆਂ ਮਿਲ ਕੇ ਪਜੰਤਰ ਸਾਲ ਤੱਕ ਜੋ ਕੰਮ ਨਹੀਂ ਕਰਵਾ ਸਕੀਆਂ ਉਹ ਕੰਮ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪਿਛਲੇ ਡੇਢ ਸਾਲ ਵਿੱਚ ਕਰਕੇ ਦਿਖਾਏ ਹਨ। ਐੱਸਵਾਈਐੱਲ ਦੇ ਮਸਲੇ ਤੇ ਉਨ੍ਹਾਂ ਬੋਲਦਿਆਂ ਕਿਹਾ ਕਿ ਪੰਜਾਬ ਕੋਲ ਸਿਰਫ ਆਪਣੇ ਜੋਗਾ ਹੀ ਪਾਣੀ ਹੈ ਆਮ ਆਦਮੀ ਪਾਰਟੀ ਕਦੇ ਵੀ ਐੱਸਵਾਈਐੱਲ ਨਹਿਰ ਦੀ ਉਸਾਰੀ ਨਹੀਂ ਕਰੇਗੀ। ਆਪ ਆਗੂ ਪ੍ਰਿਤਪਾਲ ਸਿੰਘ ਬੱਲ ਦੇ ਮਸਲੇ ਤੇ ਬੋਲਦਿਆਂ ਉਕਤ ਆਗੂਆਂ ਨੇ ਕਿਹਾ ਕਿ ਉਹ ਸਾਡੇ ਜੁਝਾਰੂ ਆਗੂ ਹਨ ਤੇ ਉਨ੍ਹਾਂ ਦੀ ਮਿਹਨਤ ਨੂੰ ਦੇਖਦਿਆਂ ਜਲਦੀ ਹੀ ਪਾਰਟੀ ਦੇ ਸੀਨੀਅਰ ਆਗੂ ਉਨ੍ਹਾਂ ਨੂੰ ਕੋਈ ਯੋਗ ਜ਼ਿੰਮੇਵਾਰੀ ਸੌਂਪਣਗੇ। ਇਸ ਮੌਕੇ ਲੋਕ ਸਭਾ ਅੰਮ੍ਰਿਤਸਰ ਇੰਚਾਰਜ ਇਕਬਾਲ ਸਿੰਘ ਭੁੱਲਰ ਚੇਅਰਮੈਨ ਜਸਪ੍ਰੀਤ ਸਿੰਘ, ਚੇਅਰਮੈਨ ਵਰੁਨ, ਰਾਜਾਸਾਂਸੀ ਮਾਰਕੀਟ ਕਮੇਟੀ ਮਜੀਠਾ ਦੇ ਚੇਅਰਮੈਨ ਬਲਜੀਤ ਸਿੰਘ ਜਿਜੇਆਣੀ, ਅਰਸ਼ ਉਮਰਿਆਨਾ, ਬਲਾਕ ਪ੍ਰਧਾਨ ਬਲਬੀਰ ਸਿੰਘ ਬੋਪਾਰਾਏ, ਸੂਬੇਦਾਰ ਬਲਵਿੰਦਰ ਸਿੰਘ, ਸਰਕਲ ਪ੍ਰਧਾਨ ਰਸ਼ਪਾਲ ਸਿੰਘ ਬਾਜਵਾ, ਸਰਕਲ ਪ੍ਰਧਾਨ ਭੁਪਿੰਦਰ ਸਿੰਘ ਭੰਗੂ, ਯੂਥ ਇੰਚਾਰਜ ਕਰਨਬੀਰ ਸਿੰਘ, ਰਾਜਬੀਰ ਸਿੰਘ ਰੋੜੀ, ਰੋਸ਼ਮ ਸਿੰਘ ਬੇਗੇਵਾਲ, ਪਲਵਿੰਦਰ ਸਿੰਘ ਆਗੂ ਕਿਰਤੀ ਕਿਸਾਨ ਯੂਨੀਅਨ, ਅਮਰਜੀਤ ਸਿੰਘ, ਤਰਸੇਮ ਸਿੰਘ ਭਗਵਾਂ, ਸਰਕਲ ਆਗੂ ਵਿਜੇ ਸੁਪਾਰੀਵਿੰਡ, ਬੰਟੀ ਢਿੰਗ ਨੰਗਲ ਅਤੇ ਮਨੋਹਰ ਗਾਲੋਵਾਲੀ ਆਦਿ ਹਾਜ਼ਰ ਸਨ।

ਹੜ੍ਹ ਪੀੜਤ ਕਿਸਾਨਾਂ ਵੱਲੋਂ ਆਪਣੀ ਜਥੇਬੰਦੀ ਬਣਾਉਣ ਦਾ ਫੈਸਲਾ : ਕਾਮਰੇਡ ਗਿੱਲ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਇਸ ਸਾਲ ਬਰਸਾਤੀ ਮੌਸਮ ਦੌਰਾਨ ਹਿਮਾਚਲ ਪ੍ਰਦੇਸ ਵਿੱਚ ਜਿੱਥੇ ਅਣ-ਕਿਆਸੀ ਤੇ ਬਹੁਤ ਭਾਰੀ ਬਾਰਿਸਾਂ ਨੇ ਜਾਨ-ਮਾਲ ਦੀ ਭਾਰੀ ਤਬਾਹੀ ਮਚਾਈ ਉਥੇ ਇਸ ਪਾਣੀ ਨੇ ਸੱਤਲੁਜ, ਬਿਆਸ, ਰਾਵੀ, ਘੱਗਰ ਅਤੇ ਹੋਰ ਛੋਟੀਆਂ ਨਦੀਆਂ ਰਾਹੀਂ ਪੰਜਾਬ ਵਿੱਚ ਵੀ ਇਨ੍ਹਾਂ ਦਰਿਆਵਾਂ ਕਿਨਾਰੇ ਰਹਿਣ ਵਾਲੇ ਕਿਸਾਨਾਂ -ਮਜ਼ਦੂਰਾਂ 'ਤੇ ਮੁਸੀਬਤਾਂ ਦੇ ਪਹਾੜ ਡਿੱਗੇ। ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਬਾਂਹ ਫੜਨ ਦੀ ਥਾਂ ਸਿਰਫ ਆਪਣੀ ਹਾਜ਼ਰੀ ਲਵਾਉਣ ਤੱਕ ਹੀ ਸੀਮਤ ਰਹੀ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਕਾਮਰੇਡ ਮਹਾਂਵੀਰ ਸਿੰਘ ਗਿੱਲ ਸੂਬਾ ਕਮੇਟੀ ਮੈਂਬਰ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਪ੍ਰਧਾਨ ਆੜ੍ਹਤੀ ਐਸੋਸੀਏਸਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਕਾਮਰੇਡ ਗਿੱਲ ਨੇ ਕਿਹਾ ਕਿ ਤਰਾਸਦੀ ਇਹ ਹੈ ਕਿ ਸਰਕਾਰ ਸਿਰਫ ਆਪਣੀ ਹਾਜ਼ਰੀ ਲਵਾਉਣ ਤੱਕ ਹੀ ਸੀਮਤ ਰਹੀ ਹੈ। ਉਨ੍ਹਾਂ ਕਿਹਾ ਜੋਂ ਚੰਗੀ ਗੱਲ ਸਾਹਮਣੇ ਆਈ ਹੈ ਕਿ ਲੋਕਾਂ ਨੇ ਕਿਸਾਨ ਮੋਰਚੇ ਤੋਂ ਸਿੱਖ ਕੇ ਆਪ ਮੁਹਾਰੇ ਇਨ੍ਹਾਂ ਹੜ੍ਹ ਪੀੜਤਾਂ ਦੇ ਪਸ਼ੂਆਂ ਦਾ ਚਾਰਾ , ਖਾਣ ਵਾਸਤੇ ਰਾਸ਼ਨ, ਬੰਨ੍ਹਾਂ ਨੂੰ ਮਜ਼ਬੂਤ ਕਰਨ ਦਾ ਮਸਲਾ ਹੋਵੇ ਹਰ ਤਰ੍ਹਾਂ ਦੀ ਮਦਦ ਕੀਤੀ। ਉਨ੍ਹਾਂ ਦੱਸਿਆ ਕਿ ਹੁਣ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਤੇਲ ਸਮੇਤ ਆਪਣੇ ਟਰੈਕਟਰ ਲੈ ਕੇ ਗਰੀਬ ਕਿਸਾਨਾਂ ਦੇ ਖੇਤਾਂ ਵਿੱਚੋਂ ਰੇਤਾ ਕੱਢ ਰਹੇ ਹਨ। ਉਨ੍ਹਾਂ ਕਿਹਾ ਕਿ ਹਰ ਤੀਸਰੇ ਚੌਥੇ ਸਾਲ ਹੋ ਰਹੀ ਅਜਿਹੀ ਤਬਾਹੀ ਨੂੰ ਪੱਕੀ ਤਰ੍ਹਾਂ ਰੋਕਣ ਵਾਸਤੇ ਇਨ੍ਹਾਂ ਪੀੜਤ ਕਿਸਾਨਾਂ ਨੇ ਆਪਣੀਂ ਇੱਕ ਜਥੇਬੰਦੀ ਬਣਾਉਣ ਦਾ ਫੈਸਲਾ ਲਿਆ ਹੈ। ਇਸ ਕਾਰਜ ਵਾਸਤੇ ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ ਅਤੇ ਕਪੂਰਥਲਾ ਆਦਿ ਜ਼ਿਲ੍ਹਿਆਂ ਦੇ ਪੀੜਤ ਕਿਸਾਨਾਂ ਨੂੰ ਲਾਮਬੰਦ ਕਰਕੇ 11 ਅਕਤੂਬਰ ਦਿਨ ਬੁੱਧਵਾਰ ਨੂੰ ਜ਼ਿਲ੍ਹਾ ਫਿਰੋਜ਼ਪੁਰ ਅਧੀਨ ਪੈਂਦੇ ਮੱਖੂ ਨੇੜੇ ਪਿੰਡ ਪੱਧਰੀ ਵਿਖੇ ਵਿਸ਼ਾਲ ਇਕੱਠ ਕਰਕੇ ਮੰਗ ਪੱਤਰ ਤਿਆਰ ਕੀਤਾ ਜਾਵੇਗਾ ਅਤੇ ਉਨ੍ਹਾਂ ਮੰਗਾਂ ਨੂੰ ਮਨਵਾਉਣ ਲਈ ਰੂਪ-ਰੇਖਾ ਤਿਆਰ ਕੀਤੀ ਜਾਵੇਗੀ ਅਤੇ ਜਥੇਬੰਦੀ ਦਾ ਐਲਾਨ ਕੀਤਾ ਜਾਵੇਗਾ।

ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਉਤਸਵ ਲਈ ਪ੍ਰਸ਼ਾਸਨ ਨੇ ਵਿੱਢੀਆਂ ਤਿਆਰੀਆਂ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-28 ਅਕਤੂਬਰ ਨੂੰ ਮਨਾਏ ਜਾਣ ਵਾਲੇ ਭਗਵਾਨ ਵਾਲਮੀਕਿ ਪ੍ਰਗਟ ਉਤਸਵ ਅਤੇ ਇਸ ਤੋਂ ਇਕ ਦਿਨ ਪਹਿਲਾਂ 27 ਅਕਤੂਬਰ ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਪੂਰੀਆਂ ਤਿਆਰੀਆਂ ਵਿੱਢ ਦਿੱਤੀਆਂ ਹਨ। ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਸਮੇਤ ਵੱਖ-ਵੱਖ ਸਭਾਵਾਂ, ਸੁਸਾਇਟੀਆਂ, ਜਥੇਬੰਦੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਭਗਵਾਨ ਵਾਲਮੀਕਿ ਪ੍ਰਗਟ ਉਤਸਵ ਪੂਰੀ ਸ਼ਰਧਾ ਨਾਲ ਮਨਾਇਆ ਜਾਵੇਗਾ ਅਤੇ ਪ੍ਰਬੰਧਾਂ ਪੱਖੋਂ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਸਬੰਧਤ ਅਧਿਕਾਰੀਆਂ ਨੂੰ ਸਮਾਗਮ ਸਬੰਧੀ ਸਮੁੱਚੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ । ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਜ਼ਿੰਮੇਵਾਰੀਆਂ ਨਿਸ਼ਚਿਤ ਕਰਦਿਆਂ ਕਿਹਾ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇੰਤਜ਼ਾਮ ਪਖੋਂ ਕਿਸੇ ਕਿਸਮ ਦੀ ਕੋਈ ਕਮੀ ਨਾ ਰਹੇ।

ਡੇਰਾ ਸੰਤਪੁਰੀ ਵਿਖੇ ਸੰਤ ਬਾਬਾ ਚਰਨ ਦਾਸ ਦਾ 15ਵਾਂ ਬਰਸੀ ਸਮਾਗਮ ਕਰਵਾਇਆ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਪਿੰਡ ਮਹਿਦੂਦ ਵਿਖੇ ਸਥਿਤ ਡੇਰਾ ਸੰਤਪੁਰੀ ਧੰਨ ਧੰਨ 108 ਸੰਤ ਬਾਬਾ ਰਾਂਝੂ ਦਾਸ ਜੀ ਮਹਾਰਾਜ ਵਿਖੇ ਬ੍ਰਹਮ ਗਿਆਨੀ ਸ੍ਰੀਮਾਨ 108 ਸੰਤ ਬਾਬਾ ਚਰਨ ਦਾਸ ਮਹਾਰਾਜ ਜੀ ਦਾ 15ਵਾਂ ਬਰਸੀ ਸਮਾਗਮ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਉਪਰੰਤ ਰਾਗੀ ਸਿੰਘਾਂ ਨੇ ਗੁਰਬਾਣੀ ਦਾ ਗੁਣ ਗਾਇਨ ਕੀਤਾ। ਕਥਾ ਕੀਰਤਨ ਕਰਦਿਆਂ ਸੰਤ ਸਤਨਾਮ ਦਾਸ ਜੀ ਨੇ ਕਿਹਾ ਕਿ ਸੰਤ ਬਾਬਾ ਚਰਨਦਾਸ ਮਹਾਰਾਜ ਜੀ ਨੇ ਇਸ ਪਹਾੜੀ ਇਲਾਕੇ ਵਿੱਚ ਸੰਗਤਾਂ ਨੂੰ ਹਮਸ਼ਸਾ ਹੀ ਸੇਵਾ-ਸਿਮਰਨ ਤੇ ਪਰਉਪਕਾਰੀ ਕਾਰਜ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਪੰਜਾਬ, ਸੰਤ ਕਿਰਪਾਲ ਦਾਸ ਭਾਰਟਾ, ਸੰਤ ਰਮੇਸ਼ ਦਾਸ ਸੇਰਪੁਰ ਕੱਲਰਾਂ, ਸੰਤ ਹਰੀ ਓਮ ਮਾਹਿਲਪੁਰ, ਸੰਤ ਰਿਸੀਰਾਜ, ਸੰਤ ਮੇਜਰ ਦਾਸ, ਸੰਤ ਬਲਵੀਰ ਸਿੰਘ ਲੰਗੇਰੀ, ਗਿਆਨੀ ਸੇਵਾ ਸਿੰਘ ਝੰਜੋਵਾਲ, ਸੰਤ ਬਾਬਾ ਜੋਤ ਪ੍ਰਕਾਸ ਜੇਜੋ, ਸੰਤ ਤੀਰਥ ਸਿੰਘ ਪੱਲੀ ਝਿੱਕੀ, ਸੰਤ ਸਰਵਣ ਦਾਸ ਲੁਧਿਆਣਾ, ਸੰਤ ਬੇਲਾ ਦਾਸ ਨਰੂੜ, ਸੰਤ ਰਵਿੰਦਰ ਸਿੰਘ ਨੱਥੂ ਮਜਾਰਾ, ਸਾਈ ਬੀਬੀ ਮੋਨਕਾ , ਸੰਤ ਮਨਦੀਪ ਸਿੰਘ, ਸੰਤ ਗੁਰਮੀਤ ਦਾਸ, ਸੰਤ ਮਹਿੰਦਰ ਦਾਸ, ਸੰਤ ਗੁਰਮੁਖ ਦਾਸ ਸਾਹਰੀ, ਸੰਤ ਦਿਨੇਸ਼ ਗਿਰੀ, ਬਾਬਾ ਧਿਆਨ ਸਿੰਘ ਅੰਮ੍ਰਿਤਸਰ, ਬਾਬਾ ਛਿੰਦੂ ਕੁੱਕੜਾਂ, ਭਗਤ ਗੋਪਾਲ ਗਿਰ, ਸੰਤ ਤਰਸੇਮ ਲਾਲ ਗੜ੍ਹਸ਼ੰਕਰ, ਪਿਆਰੇ ਲਾਲ ਪ੍ਰਧਾਨ, ਤਰਸੇਮ ਲਾਲ, ਸੁਰਿੰਦਰ ਛਿੰਦਾ, ਬਲਵੀਰ ਸਿੰਘ, ਗੁਰਦੇਵ ਸਿੰਘ, ਚਰਨਜੀਤ, ਦੀਪਕ, ਅੰਮ੍ਰਿਤ, ਨਰਿੰਦਰ ਬਡੇਸਰੋਂ, ਮਾਸਟਰ ਸਤਪਾਲ, ਸੰਦੀਪ, ਸੋਨੂ, ਪਰਵੀਨ ਸੋਨੀ ਲੰਬੜਦਾਰ ਜੇਜੋ ਦੁਆਬਾ, ਬੀਬੀ ਪਰਮਜੀਤ ਕੌਰ, ਨੀਤੂ, ਕਮਲਜੀਤ ਕੌਰ, ਸੱਤਿਆ ਦੇਵੀ ਸਮੇਤ ਇਸ ਅਸਥਾਨ ਨਾਲ ਜੁੜੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਰ ਸਨ।

ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਵੱਖ-ਵੱਖ ਮਾਮਲੇ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਪੁਲਸ ਨੇ ਵੱਖ-ਵੱਖ ਥਾਣਿਆਂ ਵਿਚ ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ ਹਨ। ਥਾਣਾ ਭੈਣੀ ਮੀਆਂ ਖਾਂ ਦੇ ਐੱਸਆਈ ਸਤਨਾਮ ਸਿੰਘ ਨੇ ਆਪਣੇ ਸਾਥੀਆਂ ਸਮੇਤ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ 'ਤੇ ਚੌਕ ਬੁੱਢਾਬਾਲਾ ਵਿਖੇ ਰੇਡ ਕਰਕੇ ਇਕ ਵਿਅਕਤੀ ਨੂੰ ਕਾਬੂ ਕਰਕੇ 7 ਗਰਾਮ ਹੈਰੋਇਨ ਅਤੇ ਇੱਕ ਇਲੈਕਟ੍ਰੋਨਿਕ ਕੰਡਾ, ਇੱਕ ਮੋਬਾਇਲ ਫੋਨ ਬਰਾਮਦ ਕੀਤਾ। ਫ਼ੜੇ ਗਏ ਵਿਅਕਤੀ ਦੀ ਪਹਿਚਾਣ ਰਣਜੋਧ ਸਿੰਘ ਜੋਧਾ ਪੁੱਤਰ ਮੋਹਨ ਸਿੰਘ ਵਾਸੀ ਫੁੱਲੜਾ ਵਜੋਂ ਹੋਈ ਹੈ। ਇਸੇ ਤਰ੍ਹਾਂ ਥਾਣਾ ਘੁੰਮਣ ਕਲਾਂ ਦੇ ਐੱਸਆਈ ਸਤਨਾਮ ਸਿੰਘ ਨੇ ਆਪਣੇ ਸਾਥੀਆਂ ਸਮੇਤ ਪਿੰਡ ਭੋਜਰਾਜ ਤੋਂ ਇਕ ਵਿਅਕਤੀ ਪਾਸੋਂ 4500 ਨਸ਼ੀਲੀਆਂ ਗੋਲੀਆਂ ਬਿਨਾਂ ਮਾਰਕਾ ਰੰਗ ਚਿੱਟਾ ਅਤੇ 17800 ਰੁਪਏ ਡਰੱਗ ਮਨੀ ਬ੍ਰਾਮਦ ਕੀਤੀ । ਕਥਿਤ ਦੋਸ਼ੀ ਦੀ ਪਹਿਚਾਣ ਦਲੇਰ ਕੁਮਾਰ ਮੱਸੂ ਪੁੱਤਰ ਬੂਟਾ ਰਾਮ ਵਾਸੀ ਭੋਜਰਾਜ ਵਜੋਂ ਹੋਈ ਹੈ। ਇਨ੍ਹਾਂ ਦੋਸ਼ੀਆਂ ਖ਼ਿਲਾਫ਼ ਪੁਲਸ ਵਲੋਂ ਐੱਨਡੀਪੀਐੱਸ ਐਕਟ ਤਹਿਤ ਮਾਮਲੇ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਖਰੀਦ ਕੀਤੀ ਫਸਲ ਦੀ ਕਿਸਾਨਾਂ ਨੂੰ 91 ਕਰੋੜ ਰੁਪਏ ਅਦਾਇਗੀ : ਸਾਰੰਗਲ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਜਿਲ੍ਹੇ ਦੀਆਂ ਮੰਡੀਆਂ 'ਚ 8 ਅਕਤੂਬਰ ਤੱਕ ਕੁੱਲ 52905 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ 'ਚੋਂ 50333 ਮੀਟ੍ਰਿਕ ਟਨ ਫਸਲ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਨਗ੍ਰੇਨ ਵੱਲੋਂ 16527 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 11237 ਮੀਟ੍ਰਿਕ ਟਨ, ਪਨਸਪ ਵੱਲੋਂ 18180 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 3881 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 508 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਰੀਦ ਕੀਤੀ ਫਸਲ ਦੀ ਨਾਲੋ-ਨਾਲ ਲਿਫਟਿੰਗ ਅਤੇ ਅਦਾਇਗੀ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਖਰੀਦ ਕੀਤੀ ਫਸਲ ਦਾ ਕਿਸਾਨਾਂ ਨੂੰ 91 ਕਰੋੜ ਰੁਪਏ ਭੁਗਤਾਨ ਕੀਤਾ ਜਾ ਚੁੱਕਾ ਹੈ।

ਗੁਜਰਾਲ ਨੇ ਡੀ ਏ ਵੀ ਸਕੂਲ ਬਿਲਗਾ ਦੇ ਕਾਰਜਕਾਰੀ ਅਧਿਆਪਕ ਇੰਚਾਰਜ ਵਜੋਂ ਅਹੁਦਾ ਸੰਭਾਲਿਆ

ਫਿਲੌਰ, ਬਿਲਗਾ (ਬੀ ਐੱਸ ਕੈਨੈਡੀ, ਵਿਜੈ) ਸੰਜੀਵ ਗੁਜਰਾਲ ਨੇ ਸ਼ੀਲਾ ਰਾਣੀ ਤਾਂਗੜੀ ਡੀ ਏ ਵੀ ਪਬਲਿਕ ਸਕੂਲ ਬਿਲਗਾ ਦੇ ਕਾਰਜਕਾਰੀ ਅਧਿਆਪਕ ਇੰਚਾਰਜ

ਵਜੋਂ ਅਹੁਦਾ ਸੰਭਾਲ ਲਿਆ ਹੈ। ਜਿਕਰਯੋਗ ਹੈ ਕਿ ਇਸ ਸਕੂਲ ਦੇ ਸੰਸਥਾਪਕ ਪ੍ਰਿੰਸੀਪਲ ਰਵੀ ਸ਼ਰਮਾ 29 ਸਾਲ ਦੀ ਸੇਵਾ ਤੋਂ ਬਾਅਦ 30 ਸਤੰਬਰ ਨੂੰ ਸੇਵਾਮੁਕਤ ਹੋਏ ਸਨ। ਸ੍ਰੀ ਸੰਜੀਵ ਗੁਜਰਾਲ ਇਸ ਤੋਂ ਪਹਿਲਾਂ ਦਯਾਨੰਦ ਮਾਡਲ ਸਕੂਲ, ਦਯਾਨੰਦ ਨਗਰ, ਜਲੰਧਰ ਵਿੱਚ ਕਰੀਬ 28 ਸਾਲ ਕੰਮ ਕਰ ਚੁੱਕੇ ਹਨ। ਪ੍ਰਿੰਸੀਪਲ ਰਵੀ ਸ਼ਰਮਾ ਵਿਸ਼ੇਸ਼ ਤੌਰ 'ਤੇ ਸਕੂਲ ਪਹੁੰਚੇ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ। ਸੰਜੀਵ ਗੁਜਰਾਲ ਨੇ ਭਰੋਸਾ ਦਿਵਾਇਆ ਕਿ ਉਹ ਸਕੂਲ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਲਈ ਹਮੇਸ਼ਾ ਤੱਤਪਰ ਰਹਿਣਗੇ। ਇਸ ਮੌਕੇ ਉਨ੍ਹਾਂ ਸਥਾਨਕ ਪ੍ਰਬੰਧਕ ਕਮੇਟੀ ਦੇ ਮੈਂਬਰ ਜੈ ਗੋਪਾਲ ਸਚਦੇਵਾ ਤੋਂ ਅਸੀਰਵਾਦ ਵੀ ਲਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਅਸ਼ਵਨੀ ਤਾਂਗੜੀ, ਵਾਈਸ ਚੇਅਰਮੈਨ ਅਜੇ ਗੋਸਵਾਮੀ, ਮੈਨੇਜਰ ਸ੍ਰੀਮਤੀ ਸਵੀਨ ਪੁਰੀ ਅਤੇ ਸਹਾਇਕ ਖੇਤਰੀ ਅਫਸਰ ਡਾ ਸ੍ਰੀਮਤੀ ਰਸਮੀ ਵਿੱਜ ਨੇ ਸ਼ੁਭ ਕਾਮਨਾਵਾਂ ਦੇ ਸੰਦੇਸ਼ ਭੇਜੇ।

ਜਸਕਰਨਪ੍ਰੀਤ ਸਿੰਘ ਦੀ ਹੋਈ ਸਕੂਲ ਨੈਸ਼ਨਲ

10-oct-PAGE-4-2.qxd 10/9/2023 10:18 PM Page 1

ਨਵਾਂ ਜ਼ਮਾਨਾ
ਮੰਗਲਵਾਰ, 10 ਅਕਤੂਬਰ 2023

ਵਕੀਲਾਂ ਲਈ ਖਤਰੇ ਦੀ ਘੰਟੀ

ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਸੰਜੇ ਹੈਗੜੇ ਨੇ ਨਿਊਜ਼ ਪੋਰਟਲ 'ਨਿਊਜ਼ਕਲਿੱਕ' ਖਿਲਾਫ ਦਹਿਸ਼ਤਗਰਦੀ-ਵਿਰੋਧੀ 'ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ' (ਯੂ ਏ ਪੀ ਏ) ਤਹਿਤ ਦਰਜ ਐੱਫ ਆਈ ਆਰ ਵਿਚ ਇਕ ਵਕੀਲ ਦਾ 'ਖਾਸ ਬੰਦਾ' ਵਜੋਂ ਜ਼ਿਕਰ ਕੀਤੇ ਜਾਣ ਨੂੰ ਵਕੀਲਾਂ ਲਈ ਖਤਰੇ ਦੀ ਘੰਟੀ ਕਰਾਰ ਦਿੰਦਿਆਂ ਕਿਹਾ ਹੈ ਕਿ ਜਿਸ ਦਿਨ ਵਕੀਲ ਨੂੰ ਮੁਵੱਕਿਲ ਤੋਂ ਜਾਣਕਾਰੀ ਹਾਸਲ ਕਰਨ ਤੋਂ ਵਰਜ ਦਿੱਤਾ ਗਿਆ, ਉਸ ਦਿਨ ਤੋਂ ਪੁਲਸ ਰਾਜ ਦੀ ਸ਼ੁਰੂਆਤ ਹੋ ਜਾਵੇਗੀ। ਪੁਲਸ ਵਕੀਲ ਦਾ ਨਾਂਅ ਲਏ ਬਿਨਾਂ 'ਖਾਸ ਬੰਦਾ' ਕਹਿ ਕੇ ਪਰਖ ਰਹੀ ਹੈ ਕਿ ਇਸ 'ਤੇ ਪ੍ਰਤੀਕ੍ਰਿਆ ਕੀ ਹੁੰਦੀ ਹੈ? ਜੇ ਅਦਾਲਤ ਨੇ ਤਿੱਖੇ ਸਵਾਲ ਨਾ ਪੁੱਛੇ ਤਾਂ ਉਹ ਮੁਲਜ਼ਮਾਂ ਦੀ ਲਿਸਟ ਵਿਚ ਹੋਰ ਵਕੀਲਾਂ ਦੇ ਨਾਂਅ ਵੀ ਸ਼ਾਮਲ ਕਰ ਦੇਵੇਗੀ। ਹੁਣ ਦੇਖਣਾ ਹੈ ਕਿ ਬਾਰ ਕਿਵੇਂ ਬਾਰ ਦੀ ਆਜ਼ਾਦੀ ਤੇ ਕੋਰਟ ਕਿਵੇਂ ਕੋਰਟ ਦੀ ਆਜ਼ਾਦੀ ਦੀ ਰਾਖੀ ਕਰਦੀਆਂ ਹਨ। ਹੈਗੜੇ ਨੇ ਕਿਹਾ ਹੈ ਕਿ ਵਕੀਲਾਂ ਲਈ ਸੋਚਣ ਦੀ ਘੜੀ ਹੈ ਕਿ ਉਹ ਵੀ ਯੂ ਏ ਪੀ ਏ ਜਾਂ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਮੁਲਜ਼ਮ ਬਣ ਸਕਦੇ ਹਨ, ਜਿਨ੍ਹਾਂ ਕਾਨੂੰਨਾਂ ਵਿਚ ਜ਼ਮਾਨਤ ਮਿਲਣੀ ਬਹੁਤ ਹੀ ਮੁਸ਼ਕਲ ਹੈ। ਉਸ ਤੋਂ ਬਾਅਦ ਤਾਂ ਹਾਲਤ ਇਹੀ ਹੋਵੇਗੀ ਕਿ ਵਕੀਲ ਇਸ ਤਰ੍ਹਾਂ ਦੇ ਕੇਸ ਫੜਨ ਤੋਂ ਭੱਜ ਜਾਣਗੇ।

'ਨਿਊਜ਼ਕਲਿੱਕ' ਦੇ ਬਾਨੀ ਤੇ ਐਡੀਟਰ-ਇਨ-ਚੀਫ ਪ੍ਰਬੀਰ ਪੁਰਕਾਇਸਥ ਅਤੇ ਮੈਨੇਜਰ ਅਮਿਤ ਚੱਕਰਵਰਤੀ ਨੂੰ ਪੁਲਸ ਨੇ ਬੀਤੇ ਦਿਨੀਂ ਚੀਨ ਤੋਂ ਪੈਸੇ ਲੈ ਕੇ ਦੇਸ਼-ਵਿਰੋਧੀ ਖਬਰਾਂ ਨਸ਼ਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਸੀ। ਉਨ੍ਹਾਂ ਖਿਲਾਫ ਦਰਜ ਐੱਫ ਆਈ ਆਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਸ੍ਰੀ ਗੌਤਮ ਭਾਟੀਆ (ਖਾਸ ਬੰਦਾ) ਨੇ ਭਾਰਤ 'ਚ ਚੀਨੀ ਟੈਲੀਕਾਮ ਫਰਮਾਂ ਖਿਲਾਫ ਮਾਮਲਿਆਂ ਦੀ ਜ਼ੋਰਦਾਰ ਪੈਰਵੀ ਲਈ ਭਾਰਤ ਵਿਚ ਵਕੀਲ ਭਾਈਚਾਰੇ ਦਾ ਨੈੱਟਵਰਕ ਕਾਇਮ ਕਰਨ ਦੀ ਸਾਜ਼ਿਸ਼। ਹੈਗੜੇ ਨੇ ਆਪਣੀ ਚਿਤਾਵਨੀ ਦੇ ਹੱਕ ਵਿਚ ਭੀਮਾ ਕੋਰੇਗਾਓਂ (ਐਲਗਾਰ ਪ੍ਰੀਸ਼ਦ ਕੇਸ) ਦਾ ਹਵਾਲਾ ਦਿੰਦਿਆਂ ਕਿਹਾ ਹੈ ਕਿ ਸੁਰਿੰਦਰ ਗਾਡਲਿੰਗ, ਸੁਧਾ ਭਾਰਦਵਾਜ ਤੇ ਹੋਰਨਾਂ ਵਕੀਲਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ, ਪਰ ਵਕੀਲ ਭਾਈਚਾਰਾ ਉਨ੍ਹਾਂ ਦੀ ਮਦਦ ਲਈ ਨਹੀਂ ਬਹੁੜਿਆ। ਪੁਲਸ ਰਾਜ ਦੇ ਸੰਬੰਧ ਵਿਚ ਹੈਗੜੇ ਨੇ 1980ਵਿਆਂ ਦੇ ਕੁਝ ਮਾਮਲਿਆਂ ਦਾ ਵੀ ਜ਼ਿਕਰ ਕੀਤਾ ਹੈ, ਜਦੋਂ ਇਕ ਮੈਜਿਸਟ੍ਰੇਟ ਨੂੰ ਥਾਣੇ ਲਿਜਾਇਆ ਗਿਆ ਤੇ ਉਸ ਵਿਰੁੱਧ ਨਾਡਿਆਡ (ਗੁਜਰਾਤ) ਵਿਚ ਕੇਸ ਦਰਜ ਕੀਤਾ ਗਿਆ। ਸੁਪਰੀਮ ਕੋਰਟ ਨੇ ਉਦੋਂ ਪੁਲਸ ਅਫਸਰਾਂ ਦੀ ਤਕੜੀ ਖਿਚਾਈ ਕੀਤੀ ਸੀ। ਵਕੀਲਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੀਆਂ ਪੁਲਸ ਦੀਆਂ ਕਹਾਣੀਆਂ ਅਕਸਰ ਸੁਣਨ ਨੂੰ ਮਿਲਦੀਆਂ ਹਨ। ਪੁਲਸ ਨੇ 'ਨਿਊਜ਼ਕਲਿੱਕ' ਮਾਮਲੇ ਵਿਚ ਪੱਤਰਕਾਰ ਫਸਾ ਲਏ ਹਨ ਤੇ ਹੁਣ ਵਕੀਲਾਂ 'ਤੇ ਨਜ਼ਰ ਹੈ।

ਪਾਠਕ-ਸੱਥ

ਸਮਝਦਾਰ ਪ੍ਰਾਣੀ ਦਾ ਕਾਗ

ਜਿੱਥੇ ਧੀਆਂ ਦੇ ਚਰਨ ਛੋਹ ਕੇ ਕੰਜਕਾਂ ਦੇ ਰੂਪ ਵਿਚ ਪੂਜਿਆ ਜਾਂਦਾ ਹੈ, ਉਸੇ ਦੇਸ਼ ਵਿਚ ਮਾਪਿਆਂ ਵੱਲੋਂ ਆਪਣੀਆਂ ਤਿੰਨ ਮਾਸੂਮ ਧੀਆਂ ਨੂੰ ਇਹ ਤਰਕ ਦੇ ਕੇ ਬੇਦਰਦੀ ਨਾਲ ਮਾਰ-ਮੁਕਾ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੀ ਆਰਥਕ ਪੱਖੋਂ ਪੁੱਗਤ ਨਹੀਂ ਸੀ ਕਿ ਬੱਚੀਆਂ ਦਾ ਪਾਲਣ-ਪੋਸਣ ਕਰ ਸਕਣ। ਇਹ ਦਿਲ ਦਹਿਲਾ ਦੇਣ ਵਾਲੀ ਖਬਰ ਨੇ ਹਰ ਇੱਕ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੱਤਾ। ਔਲਾਦ ਦੀ ਕੀਮਤ ਉਸ ਬੇਔਲਾਦ ਜੋੜੇ ਨੂੰ ਪੁੱਛੋ, ਜਿਨ੍ਹਾਂ ਦੇ ਕੰਨ ਬੱਚੇ ਦੀ ਮਾਤਰ ਇੱਕ ਕਿਲਕਾਰੀ ਲਈ ਤਰਸ ਰਹੇ ਹਨ। ਆਪਣੇ ਬੱਚਿਆਂ ਦੀ ਹਿਫਾਜ਼ਤ ਲਈ ਮਲੂਕੜੇ ਪੰਛੀ, ਪੰਖੇਰੂ ਵੀ ਬਾਜ਼ ਜਿਹੀ ਵੱਡੀ ਸ਼ੈਅ ਨਾਲ ਮੱਥਾ ਲਗਾ ਲੈਂਦੇ ਹਨ, ਪਰ ਦੁਨੀਆ ਦੇ ਸਭ ਤੋਂ ਸਮਝਦਾਰੀ ਪ੍ਰਾਣੀ ਅਖਵਾਉਣ ਵਾਲੇ ਮਨੁੱਖ ਦੀ ਸਮਝਦਾਰੀ ਪਤਾ ਨਹੀ ਕਿੱਧਰੇ ਗਰਕ ਹੋ ਗਈ।

-ਨੀਲ ਕਮਲ ਰਾਣਾ ਦਿੜ੍ਹਬਾ, 98151-71874

ਅੰਧ-ਵਿਸ਼ਵਾਸਾਂ ਦੀ ਦੁਨੀਆ

ਬੀਤੇ ਦਿਨ ਖੰਨਾ ਵਿੱਚ ਅੰਧ-ਵਿਸ਼ਵਾਸਾਂ ਦੇ ਚੱਕਰ ਵਿੱਚ ਪੈ ਕੇ ਇੱਕ ਗੁਆਂਢੀ ਵੱਲੋਂ ਤਾਂਤਰਿਕ ਦੇ ਕਹਿਣ 'ਤੇ ਇੱਕ ਬੱਚੇ ਨੂੰ ਬਲੀ ਦਾ ਸ਼ਿਕਾਰ ਬਣਾ ਦਿੱਤਾ ਗਿਆ। ਇਹ ਖਬਰ ਪੜ੍ਹਣ ਤੋਂ ਬਾਅਦ ਮਨ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਅਜੋਕੇ ਮਨੁੱਖ ਦੀ ਮਾਨਸਿਕਤਾ ਵਿੱਚ ਕਿਸ ਤਰ੍ਹਾਂ ਨਿਘਾਰ ਆ ਚੁੱਕਿਆ ਹੈ ਕਿ ਉਹ ਆਪਣੇ ਫਾਇਦੇ ਲਈ ਕੋਈ ਵੀ ਕੰਮ ਕਰਨ ਲਈ ਤਤਪਰ ਰਹਿੰਦਾ ਹੈ। ਵਿਗਿਆਨ ਅਤੇ ਤਕਨਾਲੋਜੀ ਹਰ ਰੋਜ਼ ਦਿਨੋਂ ਦਿਨ ਤਰੱਕੀ ਕਰ ਰਹੀ ਹੈ ਪ੍ਰੰਤੂ ਇਸ ਦਾ ਕੋਈ ਫਾਇਦਾ ਨਹੀਂ ਕਿਉਂਕਿ ਮਨੁੱਖ ਅਜੇ ਵੀ ਪਸ਼ੂ ਬ੍ਰਿਤੀ ਅਤੇ ਅੰਧ-ਵਿਸ਼ਵਾਸਾਂ ਦਾ ਸ਼ਿਕਾਰ ਹੈ। ਅੰਧ ਵਿਸ਼ਵਾਸਾਂ ਨਾਲ ਸਬੰਧਤ ਵਿਅਕਤੀ ਜਿਥੇ ਇਸ ਨੂੰ ਵਧਾਉਣ ਲਈ ਮਸਰੂਫ ਹਨ, ਉਥੇ ਇਸ ਦੇ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਆਟੇ ਵਿੱਚ ਲੂਣ ਬਰਾਬਰ ਵੀ ਨਹੀਂ।

-ਰਜਵਿੰਦਰ ਪਾਲ ਸ਼ਰਮਾ 70873-67969

ਮਹਿਲਾ ਰਾਖਵਾਂਕਰਨ

ਮਹਿਲਾ ਰਾਖਵਾਂਕਰਨ ਬਿੱਲ ਸੰਵਿਧਾਨ ਦੀ 128ਵੀਂ ਸੋਧ ਪਿੱਛੋਂ ਪਾਸ ਕਰ ਦਿੱਤਾ ਗਿਆ । ਇਹ ਬਿੱਲ ਸੰਸਦ ਵਿੱਚ ਔਰਤਾਂ ਦੀ 33 ਫੀਸਦੀ ਨੁਮਾਇੰਦਗੀ ਨਾਲ਼ ਸੰਬੰਧਿਤ ਹੈ, ਜਦਕਿ ਮੌਜੂਦਾ ਸਮੇਂ ਵਿੱਚ ਸੰਸਦ ਦੇ ਕੁੱਲ ਮੈਂਬਰਾਂ ਦਾ 15 ਫੀਸਦੀ ਹੀ ਹੈ 1996 ਤੋਂ ਇਸ ਬਿਲ ਨੂੰ ਪਾਸ ਕਰਨ ਦੇ ਯਤਨ ਵੱਖ-ਵੱਖ ਸਰਕਾਰਾਂ ਕਰਦੀਆਂ ਰਹੀਆਂ ਹਨ, ਪਰ ਮੌਜੂਦਾ ਕੇਂਦਰੀ ਸੱਤਾਧਾਰੀ ਪਾਰਟੀ ਦੁਆਰਾ ਇਸ ਨੂੰ ਦੋਨਾਂ ਸਦਨਾਂ ਵਿੱਚ ਪਾਸ ਕਰਵਾ ਲਿਆ ਗਿਆ ਹੈ। ਰਾਸ਼ਟਰਪਤੀ ਦੀ ਮੋਹਰ ਲੱਗਣ ਨਾਲ ਇਹ ਬਿੱਲ ਕਾਨੂੰਨ ਬਣਨ ਜਾ ਰਿਹਾ ਹੈ। ਇਹ ਬਿੱਲ ਲਾਗੂ ਹੋਣ 'ਤੇ ਨਾਰੀ ਸ਼ਕਤੀ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਨਾਲ਼ ਸਮਾਜਿਕ ਸਮਾਨਤਾ, ਸਿਆਸੀ ਭਾਗੀਦਾਰੀ ਅਤੇ ਆਰਥਿਕ ਵਿਕਾਸ ਦੀ ਰਫ਼ਤਾਰ ਹੋਰ ਤੇਜ਼ ਹੋਵੇਗੀ, ਪਰ ਇਸ ਰਾਖਵੇਂ ਕੋਟੇ ਵਿੱਚ ਪੱਛੜੀਆਂ ਜਾਤੀਆਂ (ਓ ਬੀ ਸੀ ਜ਼) ਅਤੇ ਘੱਟ ਗਿਣਤੀਆਂ ਨਾਲ ਸੰਬੰਧਤ ਔਰਤਾਂ ਲਈ ਕੋਟੇ ਦਾ ਕੋਈ ਜ਼ਿਕਰ ਨਹੀਂ ਹੈ, ਜਿਸ ਨੂੰ ਲੈ ਕੇ ਵਿਰੋਧੀ ਪਾਰਟੀਆਂ ਵੱਲੋਂ ਆਵਾਜ਼ ਉੱਠੀ ਹੈ, ਪਰ ਦਬਵੀਂ ਸੁਰ ਵਿੱਚ। ਅਸਲ ਵਿੱਚ ਇਸ ਨੂੰ ਲਾਗੂ ਕਰਨ ਦਾ ਫੈਸਲਾ ਅਜੇ 2026 ਤੱਕ ਰਾਖਵਾਂ ਹੈ, ਸ਼ਾਇਦ ਸੱਤਾਧਾਰੀ ਪਾਰਟੀ ਅਗਾਮੀ 2024 ਦੀਆਂ ਚੋਣਾਂ ਵਿੱਚ ਇਸ ਤੋਂ ਕੁਝ ਲਾਹਾ ਖੱਟਣ ਦੇ ਰੌਅ ਵਿੱਚ ਹੈ।

-ਲਾਭ ਸਿੰਘ ਸ਼ੇਰਗਿੱਲ (ਸੰਗਰੂਰ)

ਜਨਮ ਦਿਨ 'ਤੇ ਵਿਸ਼ੇਸ਼

ਹਿੰਦ-ਚੀਨ ਦੋਸਤੀ ਦਾ ਪ੍ਰਤੀਕ ਡਾਕਟਰ ਕੋਟਨੀਸ

ਵਿਸ਼ਵਾ ਮਿੱਤਰ

ਡਾਕਟਰ ਦਵਾਰਕਾ ਨਾਥ ਸ਼ਾਂਤਾ ਰਾਮ ਕੋਟਨੀਸ ਜਿਸ ਨੂੰ ਚੀਨੀ ਲੋਕ ਦਿਹੁਆ ਦੇ ਨਾਂਅ ਨਾਲ ਯਾਦ ਕਰਦੇ ਹਨ, ਉਹਨਾਂ ਦਾ ਜਨਮ ਮਹਾਰਾਸ਼ਟਰ ਦੇ ਸੋਲਾਪੁਰ ਵਿਚ 10 ਅਕਤੂਬਰ 1910 ਵਾਲੇ ਦਿਨ ਹੋਇਆ ਸੀ। 1938 ਵਿਚ ਪਹਿਲੇ ਚੀਨ-ਜਾਪਾਨ ਯੁੱਧ ਵੇਲੇ ਭਾਰਤ ਦੀ ਅੰਗਰੇਜ਼ ਸਰਕਾਰ ਨੇ ਪੰਜ ਡਾਕਟਰਾਂ ਦੇ ਦਲ ਵਿਚ ਉਸ ਨੂੰ ਚੀਨ ਦੀ ਮਦਦ ਕਰਨ ਲਈ ਭੇਜਿਆ ਸੀ। ਡਾਕਟਰ ਕੋਟਨੀਸ ਨੇ ਚੀਨੀ ਕ੍ਰਾਂਤੀ ਵੇਲੇ ਚੀਨੀਆਂ ਦੀ ਸਹਾਇਤਾ ਕੀਤੀ ਸੀ ਅਤੇ ਕ੍ਰਾਂਤੀ ਦੀ ਅਗਵਾਈ ਕਾਮਰੇਡ ਮਾਓ ਜੇ ਤੁੰਗ ਕਰ ਰਹੇ ਸਨ। ਭਾਵੇਂ ਕਿ ਚੀਨ- ਭਾਰਤ ਦੇ ਸੰਬੰਧ 1962 ਤੋਂ ਬਾਅਦ ਕਦੇ ਵੀ ਸੁਖਾਵੇਂ ਨਹੀਂ ਰਹੇ, ਪਰ ਡਾਕਟਰ ਕੋਟਨੀਸ ਨੂੰ ਅਜੇ ਵੀ ਚੀਨ-ਭਾਰਤ ਦੀ ਦੋਸਤੀ ਦੇ ਪ੍ਰਤੀਕ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ। ਹਰ ਸਾਲ ਚੀਨ ਦੇ ਸ਼ਹੀਦਾਂ ਦੀ ਯਾਦ ਵਿੱਚ ਕਿੰਗਮਿੰਗ ਫੈਸਟੀਵਲ ਮਨਾਇਆ ਜਾਂਦਾ ਹੈ, ਜਿਸ ਵਿਚ ਦਿਹੁਆ ਨੂੰ ਖਾਸ ਤੌਰ 'ਤੇ ਯਾਦ ਕੀਤਾ ਜਾਂਦਾ ਹੈ।

ਇਸ ਫੈਸਟੀਵਲ ਵਿਚ ਕੈਨੇਡਾ ਦੇ ਡਾਕਟਰ ਨੋਰਮਾਨ ਬੇਥੂਨੇ ਦੇ ਨਾਲ ਹੀ ਡਾਕਟਰ ਕੋਟਨੀਸ ਨੂੰ ਸ਼ਰਧਾਂਜਲੀ ਦਿੱਤੀ ਗਈ। 1942 ਵਿਚ ਡਾਕਟਰ ਕੋਟਨੀਸ ਚੀਨ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਚੀਨੀ ਕ੍ਰਾਂਤੀ ਦੇ ਮੁਸ਼ਕਿਲ ਸਮੇਂ ਚੀਨ ਦੀ ਸਹਾਇਤਾ ਕਰਨ ਕਾਰਣ ਮਾਓ ਜੇ ਤੁੰਗ ਨੇ ਉਸ ਦੀ ਤਾਰੀਫ ਕੀਤੀ ਸੀ ਅਤੇ ਚੀਨ ਦੇ ਇੱਕ ਅਧਿਕਾਰੀ ਨੇ ਉਸ ਨੂੰ ਇੱਕ ਚੰਗਾ ਯੋਧਾ ਕਿਹਾ, ਜਿਹੜਾ ਕਿ ਇੱਕ ਹੀ ਅਵਾਜ਼ ਦੇਣ ਚੀਨ ਦੀ ਸਹਾਇਤਾ 'ਤੇ ਆ ਗਿਆ।

ਚੀਨ ਦੇ ਕਈ ਸਿਆਸਤਦਾਨਾਂ ਦਾ ਮੰਨਣਾ ਹੈ ਕਿ ਡਾਕਟਰ ਦਿਹੁਆ ਨੇ ਚੀਨ-ਭਾਰਤ ਦੋਸਤੀ ਦਾ ਇੱਕ ਨਵਾਂ ਅਧਿਆਏ ਸ਼ੁਰੂ ਕੀਤਾ ਸੀ ਅਤੇ ਇਹ ਗੱਲ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਨੂੰ ਦੱਸਣੀ ਚਾਹੀਦੀ ਹੈ। ਗੁਓ ਨਾਂਅ ਦੀ ਇੱਕ ਔਰਤ ਚੀਨ ਵਿਚ ਇੱਕ ਨਰਸ ਸੀ ਅਤੇ ਗੁਓ ਨਾਲ ਡਾਕਟਰ ਕੋਟਨੀਸ ਦੀ ਮੁਲਾਕਾਤ ਇੱਕ ਫੰਕਸ਼ਨ ਵਿਚ ਹੋਈ। ਕੋਟਨੀਸ ਚੰਗੀ ਤਰ੍ਹਾਂ ਚੀਨੀ ਭਾਸ਼ਾ ਬੋਲ ਲੈਂਦੇ ਸਨ, ਇਸ 'ਤੇ ਗੁਓ ਇਸ 'ਤੇ ਬਹੁਤ ਪ੍ਰਭਾਵਿਤ ਹੋਈ, ਦੋਵਾਂ ਵਿਚ ਪਿਆਰ ਹੋ ਗਿਆ ਅਤੇ ਇਹ ਪਿਆਰ 1941 ਵਿਚ ਇੱਕ ਸ਼ਾਦੀ ਵਿਚ ਤਬਦੀਲ ਹੋ ਗਿਆ। ਉਹਨਾਂ ਦੇ ਘਰ ਇੱਕ ਬੇਟਾ ਹੋਇਆ, ਜਿਸ ਦਾ ਨਾਮ ਉਹਨਾਂ ਨੇ ਯਿਨਹੁਆ ਰਖਿਆ - ਯਿਨ ਦਾ ਮਤਲਬ ਭਾਰਤ ਅਤੇ ਹੁਆ ਦਾ ਮਤਲਬ ਚੀਨ ਹੈ। 9 ਦਸੰਬਰ 1942 ਵਾਲੇ ਦਿਨ 32 ਸਾਲ ਦੀ ਉਮਰ ਵਿੱਚ ਉਹਨਾਂ ਦੀ ਮੌਤ ਹੋ ਗਈ ਸੀ। ਚੀਨ ਦੇ ਨਾਗਰਿਕ ਉਸ ਨੂੰ ਬੜੇ ਸਤਿਕਾਰ ਨਾਲ ਯਾਦ ਕਰਦੇ ਹਨ ਅਤੇ ਕਈ ਸ਼ਹਿਰਾਂ ਵਿੱਚ ਉਹਨਾਂ ਦੇ ਬੁੱਤ ਲੱਗੇ

ਹੋਏ ਸਨ। ਗੁਓ ਕਈ ਵਾਰ ਭਾਰਤ ਆਈ ਅਤੇ ਭਾਰਤ ਨਾਲ ਬਹੁਤ ਪਿਆਰ ਕਰਦੀ ਸੀ। ਗੁਓ ਨੇ ਡਾਕਟਰ ਕੋਟਨੀਸ ਦੀ ਯਾਦ ਵਿੱਚ ਇੱਕ ਕਿਤਾਬ ਲਿਖੀ, "ਮਾਈ ਲਾਈਫ ਵਿਦ ਡਾਕਟਰ ਕੋਟਨੀਸ"। ਕਿਤਾਬ ਵਿਚ ਲਿਖਦੀ ਹੈ ਕਿ ਭਾਰਤ ਅਤੇ ਭਾਰਤ ਦੇ ਲੋਕ ਬਹੁਤ ਪਿਆਰੇ ਹਨ ਅਤੇ ਇਹ ਉਹਨਾਂ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਪ੍ਰਤੀਕ ਹੈ। ਸ਼ਾਇਦ ਇਸੇ ਕਾਰਨ ਹੀ ਭਾਰਤ ਨੂੰ ਦੁਨੀਆ ਵਿੱਚ ਇੱਕ ਵਿਲੱਖਣ ਸਥਾਨ ਮਿਲਿਆ ਹੋਇਆ ਹੈ। ਸਤੰਬਰ 2020 ਵਿਚ ਦਿਹੁਆ ਦੇ ਇੱਕ ਕਾਂਸੇ ਦੇ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਸ਼ਿਜਿਯਾਝੁੰਆਂਗ ਸਹਿਰ ਵਿਚ ਕੀਤੀ ਜਿਹੜਾ ਕਿ ਹੇਬਈ ਪ੍ਰਾਂਤ ਦੀ ਰਾਜਧਾਨੀ ਹੈ। ਇਥੇ ਹੀ ਦਿਹੁਆ ਦੇ ਨਾਮ ਤੇ ਸ਼ਿਜਿਯਾਝੁੰਆਂਗ ਮੈਡੀਕਲ ਸਾਇੰਸ ਸੈਕੰਡਰੀ ਸਪੈਸ਼ਲਈਜ਼ਡ ਸਕੂਲ ਦਾ ਨਾਂਅ ਰੱਖਿਆ ਗਿਆ।

ਜਦੋਂ 3 ਸਤੰਬਰ 2020 ਨੂੰ ਚੀਨ ਨੇ ਜਾਪਾਨ 'ਤੇ ਜਿੱਤ ਦੀ ਵਰ੍ਹੇ ਗੰਢ ਮਨਾਈ ਤਾਂ ਚੀਨੀ ਰਾਸ਼ਟਰਪਤੀ ਸੀ ਜਿਨਪਿੰਗ ਨੇ ਡਾਕਟਰ ਕੋਟਨੀਸ ਨੂੰ ਯਾਦ ਕੀਤਾ। ਜਿਨਪਿੰਗ ਨੇ ਆਪਣੇ ਭਾਸ਼ਣ ਵਿਚ ਕਿਹਾ,"ਡਾਕਟਰ ਕੋਟਨੀਸ ਉਸ ਵੇਲੇ ਚੀਨ ਆਏ, ਜਿਸ ਵੇਲੇ ਸਾਨੂੰ ਉਹਨਾਂ ਦੀ ਬਹੁਤ ਲੋੜ ਸੀ ਅਤੇ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਤੋਂ ਆ ਕੇ ਉਹਨਾਂ ਚੀਨੀ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਦਾ ਨੇਕ ਕੰਮ ਕੀਤਾ। ਉਹਨਾਂ ਦੀਆਂ ਦਿਲ ਨੂੰ ਛੂਹ ਲੈਣ ਵਾਲੀਆਂ ਕਹਾਣੀਆਂ ਅਤੇ ਉਹਨਾਂ ਦਾ ਨੈਤਿਕ ਚਰਿੱਤਰ ਹਮੇਸ਼ਾ ਚੀਨ ਦੇ ਦਿਲਾਂ ਵਿੱਚ ਜ਼ਿੰਦਾ ਰਹੇਗਾ"।

 # ਸੰਪਰਕ : 94176-32228

ਲਗਾਂ-ਮਾਤਰਾਂ ਤੋਂ ਅਣਜਾਣ ਕਰਦੇ ਘਾਣ !

ਇਸ ਸ਼ੇਅਰ ਤੋਂ ਗੱਲ ਸ਼ੁਰੂ ਕਰਦੇ ਹਾਂ-

'ਕਿੰਨਾ ਫਿਕਰ ਗਜ਼ਲਗੋ ਕਰਦੇ'
ਨਿੱਕੀ ਇੱਕ ਸਿਹਾਰੀ ਦਾ।
ਐਪਰ ਚੇਤਾ ਭੁੱਲ ਜਾਂਦੇ ਨੇ'
ਦਿਲ 'ਤੇ ਚਲਦੀ ਆਰੀ ਦਾ!'

ਜਦੋਂ ਤੋਂ ਸਕੂਲਾਂ ਵਿੱਚ ਫੱਟੀਆਂ ਲਿਖਣੀਆਂ ਅਤੇ ਮੁਹਾਰਨੀ ਸਿਖਾਉਣੀ ਬੰਦ ਹੋਈਆਂ, ਉਦੋਂ ਤੋਂ ਹੀ ਪੰਜਾਬੀ ਲਿਖਣ ਵਿੱਚ ਗਲਤੀਆਂ ਦੀ ਭਰਮਾਰ ਹੋਣ ਲੱਗ ਪਈ ਹੈ। ਸਿਹਾਰੀ-ਬਿਹਾਰੀ ਦੀਆਂ ਅਵਾਜ਼ਾਂ ਤੋਂ ਅਨਜਾਣ ਕਈ ਸੱਜਣ 'ਕੋਟਿ ਕੋਟਿ' ਨੂੰ 'ਕੋਟੀ ਕੋਟੀ' ਲਿਖਦੇ ਅਤੇ ਬੋਲਦੇ ਆਮ ਦੇਖੀਦੇ ਹਨ।

ਤਰਲੋਚਨ ਸਿੰਘ 'ਦੁਪਾਲਪੁਰ'

ਬਹੁਤੇ ਪੰਜਾਬੀ ਪੱਤਰਕਾਰਾਂ ਦੀਆਂ ਲਿਖਤਾਂ ਪੜ੍ਹ ਕੇ ਦੁੱਖ ਵੀ ਹੁੰਦਾ ਹੈ ਤੇ ਹਾਸਾ ਵੀ ਆਉਂਦਾ ਹੈ। ਸ੍ਰੀ ਨਰਿੰਦਰ ਮੋਦੀ ਨੂੰ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਾਉਣ ਵਾਲੀ ਲੋਕ ਸਭਾ ਚੋਣ ਮੌਕੇ ਸਵਰਗੀ ਬਾਦਲ ਨੇ ਪੰਜਾਬ 'ਚ ਕਿਤੇ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਜੇ ਸ੍ਰੀ ਮੋਦੀ ਪ੍ਰਧਾਨ ਮੰਤਰੀ ਬਣ ਗਏ ਤਾਂ ਉਹ ਪੰਜਾਬ ਨੂੰ ਨੋਟਾਂ ਦੇ ਟਰੰਕ ਭਰ-ਭਰ ਕੇ ਭੇਜਿਆ ਕਰਨਗੇ।

ਟਿੱਪੀ ਤੋਂ ਅਨਜਾਣ ਕਿਸੇ ਪੱਤਰਕਾਰ ਨੇ ਟਰੰਕ ਨੂੰ 'ਟਰਕ' ਲਿਖ ਮਾਰਿਆ। ਬਸ ਫਿਰ ਮੱਖੀ 'ਤੇ ਮੱਖੀ ਮਾਰਨ ਵਾਲੇ ਪੱਤਰਕਾਰਾਂ ਨੇ ਇਹ ਨਹੀਂ ਸੋਚਿਆ ਕਿ ਬੈਂਕਾਂ ਵਾਲੇ ਕਰੰਸੀ ਨੋਟ ਇੱਧਰ-ਉੱਧਰ ਦੀਆਂ ਬਰਾਂਚਾਂ ਵੱਲ ਭੇਜਣ ਵੇਲੇ ਟਰੰਕਾਂ ਵਿੱਚ ਨੋਟ ਭੇਜਦੇ ਹਨ, ਟਰੱਕਾਂ ਵਿੱਚ ਨਹੀਂ, ਸੋ ਉਨ੍ਹਾਂ 'ਚੋਂ ਕਈਆਂ ਨੇ 'ਟਰਕ' ਉੱਤੇ ਟਿੱਪੀ ਪਾਉਣ ਦੀ ਬਜਾਏ ਅੱਧਕ ਵੀ ਪਾ ਲਿਆ ਹੋਵੇਗਾ ! ਬਸ ਜੀ, ਬਾਦਲ ਸਾਹਬ ਲਈ 'ਨੋਟਾਂ ਦੇ ਟਰੱਕਾਂ' ਵਾਲਾ ਮਿਹਣਾ ਹੀ ਗੱਜ-ਵੱਜ ਕੇ ਮਸ਼ਹੂਰ ਹੋ ਗਿਆ!

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇੱ

10-OCT-PAGE-5.qxd 10/9/2023 10:15 PM Page 1

ਕਿਰਤੀ ਕਿਸਾਨ ਯੂਨੀਅਨ ਵੱਲੋਂ ਐੱਸ ਵਾਈ ਐੱਲ ਤੇ ਪੱਤਰਕਾਰਾਂ ਦੀ ਗ੍ਰਿਫਤਾਰੀ ਵਿਰੁੱਧ ਰੋਸ ਪ੍ਰਦਰਸ਼ਨ

ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਨਹੀਂ ਹੋਣ ਦੇਵਾਂਗੇ : ਪ੍ਰਗਟ ਸਾਡੂਵਾਲਾ, ਚਮਕੌਰ ਰੋਡੇ ਖੁਰਦ

ਮੋਗਾ ਦੇ ਮੁੱਖ ਚੌਕ 'ਚ ਰੋਸ ਪ੍ਰਦਰਸ਼ਨ ਕਰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਵਰਕਰ।

ਮੋਗਾ (ਅਮਰਜੀਤ ਬੱਬਰੀ)-ਕਿਰਤੀ ਕਿਸਾਨ ਯੂਨੀਅਨ ਨੇ ਐੱਸ ਵਾਈ ਐੱਲ ਸੰਬਧੀ ਸੁਪਰੀਮ ਕੋਰਟ ਦੇ ਪੰਜਾਬ ਵਿਰੋਧੀ ਫੈਸਲੇ ਵਿਰੁੱਧ ਤੇ ਨਿਊਜ਼ ਕਲਿੱਕ ਦੇ ਪੱਤਰਕਾਰਾਂ ਵਿਰੁੱਧ ਛਾਪੇਮਾਰੀ ਤੇ ਕੇਸ ਦਰਜ ਕਰਨ ਵਿਰੁੱਧ ਨੇਚਰ ਪਾਰਕ ਵਿਖੇ ਰੋਸ ਪ੍ਰਦਰਸ਼ਨ ਕੀਤਾ।ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਡੂਵਾਲਾ, ਜਨਰਲ ਸਕੱਤਰ ਚਮਕੌਰ ਸਿੰਘ ਰੋਡੇਖੁਰਦ, ਯੂਥ ਵਿੰਗ ਦੇ ਬਲਕਰਨ ਸਿੰਘ ਵੈਰੋਕੇ, ਧਰਮਕੋਟ ਦੇ ਆਗੂ ਕੁਲਜੀਤ ਸਿੰਘ ਪੰਡੋਰੀ, ਔਰਤ ਵਿੰਗ ਦੇ ਜਗਵਿੰਦਰ ਕੌਰ ਰਾਜਿਆਣਾ, ਨਾਜਰ ਸਿੰਘ ਖਾਈ, ਮੋਗਾ-1ਦੇ ਬੂਟਾ ਸਿੰਘ ਤਖਾਣਵੱਧ,ਮੋਗਾ- 2 ਦੇ ਕੁਲਦੀਪ ਸਿੰਘ ਖੁਖਰਾਣਾ, ਨੌਜਵਾਨ ਭਾਰਤ ਸਭਾ ਦੇ ਕਰਮਜੀਤ ਸਿੰਘ ਮਾਣੂੰਕੇ, ਪੰਜਾਬ ਸਟੂਡੈਂਟਸ ਯੂਨੀਅਨ ਦੇ ਹਰਪ੍ਰੀਤ ਸਿੰਘ ਢੁੱਡੀਕੇ ਨੇ ਸੰਬੋਧਨ ਕਰਦਿਆਂ ਸਾਫ-ਸਾਫ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਕੋਲ ਪਾਣੀ ਦੀ ਇੱਕ ਬੂੰਦ ਵੀ ਫਾਲਤੂ ਨਹੀਂ।ਯੂਨੀਅਨ ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ, ਜੇਕਰ ਸਰਵੇ ਟੀਮ ਨੇ ਪੰਜਾਬ 'ਚ ਪੈਰ ਧਰਿਆ ਤਾਂ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ।

ਸੰਬੋਧਨ ਦੌਰਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਦਿੱਲੀ ਪੁਲਸ ਵੱਲੋਂ ਨਿਊਜ਼ਕਲਿੱਕ ਨਾਲ ਜੁੜੇ ਪੱਤਰਕਾਰਾਂ ਉੱਪਰ ਛਾਪੇਮਾਰੀ ਕਰਨ ਤੇ ਯੂਏਪੀਏ ਤਹਿਤ ਕੇਸ ਦਰਜ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ ਤੇ ਕਿਹਾ ਕਿ ਇਨ੍ਹਾਂ ਪੱਤਰਕਾਰਾਂ ਨੂੰ ਨਾਗਰਿਕਤਾ ਸੋਧ ਕਾਨੂੰਨ ਤੇ ਕਿਸਾਨ ਘੋਲ ਦੀ ਕੀਤੀ ਰਿਪੋਰਟਿੰਗ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੀ-20 ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦੀ ਪ੍ਰਤੀਬਧਤਾ ਦੇ ਐਲਾਨਨਾਮੇ ਉੱਪਰ ਮੋਦੀ ਸਰਕਾਰ ਦੇ ਦਸਤਖ਼ਤ ਦੀ ਹਾਲੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਇਸ ਨੇ ਸਰਕਾਰ ਵਿਰੋਧੀ ਅਵਾਜ਼ਾਂ ਨੂੰ ਦਬਾਉਣ ਲਈ ਐੱਨ ਆਈ ਏ, ਈ ਡੀ ਤੇ ਸੀ ਬੀ ਆਈ ਦੀਆਂ ਲਗਾਮਾਂ ਢਿੱਲੀਆਂ ਛੱਡ ਦਿੱਤੀਆਂ ਹਨ।ਇਸ ਦੌਰਾਨ ਸਟੇਜ ਦਾ ਸੰਚਾਲਨ ਜਸਮੇਲ ਸਿੰਘ ਰਾਜਿਆਣਾ ਨੇ ਬਾਖੂਬੀ ਨਿਭਾਇਆ ਤੇ ਤਕਰੀਬਨ 1 ਵਜੇ ਨੇਚਰ ਪਾਰਕ ਤੋਂ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ, ਜੋ ਮੇਨ ਬਾਜ਼ਾਰ ਵਿੱਚ ਦੀ ਹੁੰਦਾ ਹੋਇਆ ਮੋਗਾ ਦੇ ਮੇਨ ਚੌਕ ਵਿੱਚ ਨਾਹਰਿਆਂ ਦੀ ਗੂੰਜ 'ਚ ਸਮਾਪਤ ਹੋਇਆ।

ਮਜ਼ਦੂਰਾਂ ਨੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਸਰਕਾਰ ਖਿਲਾਫ ਕੀਤੀ ਨਾਅਰੇਬਾਜ਼ੀ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)

ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਲਈ 8 ਘੰਟੇ ਨਹੀਂ 12 ਘੰਟੇ ਕੰਮ ਕਰਨ ਦੇ ਜਾਰੀ ਕੀਤੇ ਨੋਟੀਫਿਕੇਸ਼ਨ ਖਿਲਾਫ਼ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੀ ਸੂਬਾ ਕਮੇਟੀ ਦੇ ਸੱਦੇ ਤੇ ਜਾਗ੍ਰਿਤੀ ਮੁਹਿੰਮ ਚਲਾ ਕੇ ਪੰਜਾਬ ਭਰ ਵਿੱਚ ਐੱਸ ਡੀ ਐੱਮ ਰਾਹੀਂ ਦਿੱਤੇ ਜਾ ਰਹੇ ਮੰਗ 17 ਅਕਤੂਬਰ ਨੂੰ ਐੱਸ ਡੀ ਐੱਮ ਸੰਗਰੂਰ ਨੂੰ ਦਿੱਤੇ ਜਾ ਰਹੇ ਮੰਗ ਪੱਤਰ ਲਈ ਪਿੰਡ ਬੀਰਕਲਾਂ ਦੇ ਮਜ਼ਦੂਰਾਂ ਦੀ ਪਿੰਡ ਦੀ ਗੁਰੂ ਰਵਿਦਾਸ ਧਰਮਸ਼ਾਲਾ ਵਿੱਚ ਮੀਟਿੰਗ ਕਰਕੇ ਜਾਰੀ ਕੀਤੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਸਰਕਾਰ ਖਿਲਾਫ਼ ਜ਼ੋਰਦਾਰ ਨਾਰੇਬਾਜ਼ੀ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਆਗੂ ਗੁਰਦੀਪ ਸਿੰਘ ਫੌਜੀ ਤੇ ਹਰਪ੍ਰੀਤ ਸਿੰਘ ਬੀਰਕਲਾਂ ਨੇ ਕਿਹਾ ਪੰਜਾਬ ਸਰਕਾਰ ਵੱਲੋਂ ਮਜ਼ਦੂਰ ਵਿਰੋਧੀ ਨੋਟੀਫਿਕੇਸ਼ਨ ਜਾਰੀ ਕਰਕੇ ਆਪਣਾ ਮਜ਼ਦੂਰ ਵਿਰੋਧੀ ਚਿਹਰਾ ਲੋਕਾਂ ਸਾਹਮਣੇ ਨੰਗਾ ਕੀਤਾ ਹੈ। ਆਗੂਆਂ ਨੇ ਕਿਹਾ ਕਿ 8 ਘੰਟੇ ਕੰਮ ਕਰਨ ਦਾ ਕਾਨੂੰਨ ਮਜ਼ਦੂਰਾਂ ਨੂੰ ਕੋਈ ਭੀਖ ਵਿੱਚ ਨਹੀਂ ਦਿੱਤਾ ਗਿਆ ਸੀ, ਇਸ ਲਈ 8 ਘੰਟੇ ਕੰਮ ਕਰਨ ਦਾ ਕਾਨੂੰਨ ਦੁਨੀਆ ਭਰ ਦੇ ਮਜ਼ਦੂਰਾਂ ਨੇ ਖੂਨ ਡੋਲ੍ਹ ਕੇ ਕੁਰਬਾਨੀਆਂ ਦੇਣ ਤੋਂ ਬਾਅਦ ਪ੍ਰਾਪਤ ਕੀਤਾ ਗਿਆ ਸੀ, ਜਿਸ ਨੂੰ ਮਜ਼ਦੂਰ ਕਿਸੇ ਵੀ ਕੀਮਤ 'ਤੇ ਖੋਹਣ ਨਹੀਂ ਦੇਣਗੇ।

ਉਨ੍ਹਾਂ ਕਿਹਾ ਕਿ ਮਜ਼ਦੂਰ ਤਾ ਪਹਿਲਾਂ ਹੀ ਅੱਤ ਦੀ ਮਹਿੰਗਾਈ ਅੰਦਰ ਬਹੁਤ ਹੀ ਮੁਸ਼ਕਲ ਨਾਲ ਜੂਨ ਗੁਜ਼ਾਰਾ ਕਰ ਰਹੇ ਹਨ, 12 ਘੰਟੇ ਵਾਲੇ ਨੋਟੀਫਿਕੇਸ਼ਨ ਜਾਰੀ ਕਰਕੇ ਪੰਜਾਬ ਸਰਕਾਰ ਮਜ਼ਦੂਰਾਂ ਦਾ ਖੂਨ ਚੂਸਣਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ ਇਸ ਦੇ ਖਿਲਾਫ਼ 17 ਅਕਤੂਬਰ ਨੂੰ ਐੱਸ ਡੀ ਐੱਮ ਸੰਗਰੂਰ ਨੂੰ ਦਿੱਤੇ ਜਾ ਰਹੇ ਮੰਗ ਪੱਤਰ 'ਚ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ। ਇਸ ਸਮੇਂ ਸਾਬਕਾ ਸਰਪੰਚ ਜੱਸਾ ਸਿੰਘ, ਸੀਤਾ ਸਿੰਘ, ਕਾਕਾ ਸਿੰਘ, ਜਗਸੀਰ ਸਿੰਘ ਮੰਗੂ, ਪਰਮਜੀਤ ਕੌਰ, ਨਛੱਤਰ ਕੌਰ ਤੋਂ ਇਲਾਵਾ ਵੱਡੀ ਗਿਣਤੀ 'ਚ ਮਜ਼ਦੂਰ ਹਾਜ਼ਰ ਸਨ।

ਕੁਲਰੀਆਂ ਦੇ ਆੜ੍ਹਤੀਆਂ ਨੇ ਫੂਕਿਆ ਡੀ ਐੱਫ ਐੱਸ ਸੀ ਦਾ ਪੁਤਲਾ

ਆਰਜ਼ੀ ਫੜ੍ਹਾਂ ਦੀ ਮਨਜ਼ੂਰੀ ਨਾ ਦੇਣ ਦੇ ਰੋਸ ਵਜੋਂ ਦਿੱਤਾ ਧਰਨਾ

ਬਰੇਟਾ (ਗੋਬਿੰਦ ਸ਼ਰਮਾ)-ਖਰੀਦ ਕੇਂਦਰ ਕੁਲਰੀਆਂ ਵਿਖੇ ਫੜ੍ਹਾਂ ਦੀ ਕਮੀ ਦੇ ਚੱਲਦੇ ਹੋਏ ਆਰਜ਼ੀ ਫੜ੍ਹਾਂ ਦੀ ਮਨਜ਼ੂਰੀ ਨਾ ਦੇਣ ਦੇ ਰੋਸ ਨੂੰ ਲੈ ਕੇ ਆੜ੍ਹਤੀਆਂ ਤੇ ਕਿਸਾਨਾਂ ਵੱਲੋਂ ਜ਼ਿਲ੍ਹਾ ਖੁਰਾਕ ਵੰਡ ਨਰੀਖਕ ਦਾ ਪੁਤਲਾ ਫੂਕਿਆ। ਇਸ ਮੌਕੇ ਆੜ੍ਹਤੀਆਂ ਤੇ ਕਿਸਾਨਾਂ ਵੱਲੋਂ ਅਨਾਜ ਮੰਡੀ ਵਿੱਚ ਰੋਸ ਧਰਨਾ ਵੀ ਦਿੱਤਾ। ਇਸ ਧਰਨੇ ਵਿੱਚ ਮੌਜੂਦ ਆੜ੍ਹਤੀ ਤੇ ਕਿਸਾਨ ਜ਼ਿਲ੍ਹਾ ਖੁਰਾਕ ਵੰਡ ਨਰੀਖਕ ਤੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਆਰਜ਼ੀ ਫੜ੍ਹਾਂ ਦੀ ਮਨਜ਼ੂਰੀ ਦੇਣ ਦੀ ਮੰਗ ਕਰ ਰਹੇ ਸਨ।

ਇਸ ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਆੜ੍ਹਤੀਆ ਐਸੋਸੀਏਸ਼ਨ ਬਰੇਟਾ ਦੇ ਪ੍ਰਧਾਨ ਜਤਿੰਦਰ ਮੋਹਨ ਗਰਗ ਨੇ ਦੱਸਿਆ ਕਿ ਮੰਡੀਆਂ ਵਿੱਚ ਫੜ੍ਹਾਂ ਦੀ ਕਮੀ ਨੂੰ ਪੂਰਾ ਕਰਨ ਲਈ ਸਰਕਾਰ ਵੱਲੋਂ ਹਰ ਸੀਜ਼ਨ ਆਰਜ਼ੀ ਫੜ੍ਹਾਂ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ, ਇਸ ਸੀਜ਼ਨ ਵਿੱਚ ਵੀ ਇਸ ਮਨਜ਼ੂਰੀ ਲਈ ਆੜ੍ਹਤੀਆਂ ਵੱਲੋਂ ਦੋ ਮਹੀਨੇ ਪਹਿਲਾਂ ਮਾਰਕਿਟ ਕਮੇਟੀ ਨੂੰ ਦਰਖ਼ਾਸਤਾਂ ਦਿੱਤੀਆਂ ਗਈਆਂ ਸਨ, ਪਰ ਜ਼ਿਲ੍ਹਾ ਖੁਰਾਕ ਵੰਡ ਨਿਰੀਖਕ ਮਾਨਸਾ ਵੱਲੋਂ ਇਨ੍ਹਾਂ ਫੜ੍ਹਾਂ ਦੀ ਮਨਜ਼ੂਰੀ ਨੂੰ ਰਿਸ਼ਵਤ ਲੈਣ ਦੀ ਮਨਸ਼ਾ ਨਾਲ ਰੋਕ ਦਿੱਤਾ, ਜਦੋਂ ਕਿ ਪੰਜਾਬ ਦੇ ਦੂਸਰੇ ਸਾਰੇ ਜ਼ਿਲ੍ਹਿਆ ਵਿੱਚ ਆਰਜ਼ੀ ਫੜ੍ਹਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਮੰਡੀਆਂ ਵਿੱਚ ਆਰਜ਼ੀ ਫੜ੍ਹਾਂ ਦੀ ਮਨਜ਼ੂਰੀ ਨਾ ਦਿੱਤੀ ਗਈ ਤਾਂ 13 ਅਕਤੂਬਰ ਨੂੰ ਬਰੇਟਾ ਫੂਡ ਸਪਲਾਈ ਦਫਤਰ ਅੱਗੇ ਜ਼ਿਲ੍ਹਾ ਖੁਰਾਕ ਵੰਡ ਨਰੀਖਕ ਮਾਨਸਾ ਦਾ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਜਾਵੇਗਾ।

ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਕੁਲਰੀਆਂ ਦੇ ਪ੍ਰਧਾਨ ਦਲਵੀਰ ਸਿੰਘ ਕਾਲਾ ਜਵੰਧਾ, ਸਕੱਤਰ ਰਾਜੇਸ਼ ਸਿੰਗਲਾ, ਆੜ੍ਹਤੀ ਕੇਵਲ ਸ਼ਰਮਾ, ਸ਼ਿਵ ਕੁਮਾਰ, ਸੰਜੀਵ ਗਰਗ, ਰਾਜਿੰਦਰ ਸ਼ਰਮਾ, ਹੇਮੰਤ ਕੁਮਾਰ, ਅਰੁਣ ਕੁਮਾਰ, ਦੀਪੂ ਮਹਾਸ਼ਾ, ਸ਼ੇਖਰ ਕੁਮਾਰ ਸਮੇਤ ਹੋਰ ਆੜ੍ਹਤੀ ਤੇ ਕਿਸਾਨ ਮੌਜੂਦ ਸਨ। ਜਦੋਂ ਇਸ ਸਬੰਧੀ ਜ਼ਿਲ੍ਹਾ ਖੁਰਾਕ ਵੰਡ ਨਰੀਖਕ ਮਨਦੀਪ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਆਰਜ਼ੀ ਫੜ੍ਹਾਂ ਦੀ ਮਨਜ਼ੂਰੀ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਜਲਦੀ ਹੀ ਮਨਜ਼ੂਰੀ ਦੇ ਦਿੱਤੀ ਜਾਵੇਗੀ।

ਕਾਤਰਾਂ

ਚੱਕ ਸੈਦੋਕੇ 'ਚ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖਿਲਾਫ਼ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਪਿੰਡ ਚੱਕ ਸੈਦੋਕੇ ਵਿਖੇ ਇਕ ਘਰ ਵਿਚੋਂ ਸੋਨੇ ਤੇ ਚਾਂਦੀ ਦੇ ਗਹਿਣੇ ਤੇ ਹੋਰ ਸਮਾਨ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀ ਖਿਲਾਫ਼ ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁੱਦਈ ਬਲਜੀਤ ਕੌਰ ਪਤਨੀ ਦੀਸ਼ਾ ਸਿੰਘ ਵਾਸੀ ਚੱਕ ਸੈਦੋਕੇ ਨੇ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ 7 ਅਕਤੂਬਰ 2023 ਨੂੰ ਸਵੇਰੇ ਉਸਨੂੰ ਫੋਨ ਆਇਆ ਸੀ ਕਿ ਤੁਹਾਡੇ ਘਰ ਦੇ ਤਾਲੇ ਟੁੱਟੇ ਹੋਏ ਹਨ ਅਤੇ ਘਰ ਵਿਚ ਰੱਖਿਆ ਸਮਾਨ ਚੋਰੀ ਹੋ ਗਿਆ ਹੈ, ਜਿਸ 'ਤੇ ਉਸ ਨੂੰ ਘਰ ਆ ਕੇ ਪਤਾ ਚੱਲਾ ਕਿ ਪੌਣੇ 2 ਤੋਲੇ ਸੋਨਾ, ਚਾਂਦੀ 6 ਤੋਲੇ, ਕਣਕ ਦੇ 6 ਗੱਟੇ, ਘਰ ਦੇ ਸਾਰੇ ਭਾਂਡੇ ਤੇ ਬਿਸਤਰੇ ਅਤੇ ਚਾਂਦਰਾਂ, 2 ਕੰਬਲ, 2 ਖੇਸ, ਦਰੀਆ ਤੇ ਪਾਉਣ ਵਾਲੇ ਕੱਪੜੇ, ਸਿਲੰਡਰ, ਪ੍ਰੈਸ, ਲੜਕੇ ਦੇ ਬੂਟ ਪਾਉਣ ਵਾਲੇ ਕੱਪੜੇ ਜਿਨ੍ਹਾਂ ਦੀ ਕੁੱਲ ਕੀਮਤ 1.5 ਲੱਖ ਰੁਪਏ ਬਣਦੀ ਹੈ, ਇਹ ਸਾਰਾ ਸਮਾਨ ਚੋਰੀ ਗਿਆ ਹੈ, ਜਿਸ 'ਤੇ ਪੁਲਸ ਨੇ ਮੁੱਦਈ ਬਲਜੀਤ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਵਿਅਕਤੀ ਦੇ ਖਿਲਾਫ਼ ਧਾਰਾ 457 ਤੇ 380 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

ਪੀ ਓ ਸਟਾਫ਼ ਵੱਲੋਂ ਭਗੌੜਾ ਗ੍ਰਿਫ਼ਤਾਰ

ਜਲਾਲਾਬਾਦ (ਜੀਤ ਕੁਮਾਰ)-ਜ਼ਿਲ੍ਹਾ ਫ਼ਾਜ਼ਿਲਕਾ ਦੇ ਪੀ.ਓ. ਸਟਾਫ਼ ਵੱਲੋਂ ਇੱਕ ਭਗੌੜੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀ.ਓ. ਸਟਾਫ਼ ਦੇ ਇੰਚਾਰਜ ਏ.ਐਸ.ਆਈ. ਰਤਨ ਲਾਲ ਨੇ ਦੱਸਿਆ ਕਿ ਥਾਣਾ ਵੈਰੋਕੇ ਵਿਖੇ ਮੁਕੱਦਮਾ ਨੰ.4 ਮਿਤੀ 11-01-2019 ਨੂੰ ਧਾਰਾ 379 ਤੇ 411 ਆਈਪੀਸੀ ਤਹਿਤ ਰਜਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਗੁਲਾਮ ਰਸੂਲ ਥਾਣਾ ਸਦਰ ਫ਼ਾਜ਼ਿਲਕਾ ਦੇ ਖਿਲਾਫ਼ ਦਰਜ ਹੋਇਆ ਸੀ। ਇਸ ਨਾਮਜ਼ਦ ਵਿਅਕਤੀ ਰਜਿੰਦਰ ਸਿੰਘ ਨੂੰ ਮਾਣਯੋਗ ਅਦਾਲਤ ਵੱਲੋਂ 30-05-2023 ਨੂੰ ਪੀ.ਓ. 299 ਸੀ ਆਰ ਪੀ ਸੀ ਤਹਿਤ ਭਗੌੜਾ ਘੋਸ਼ਿਤ ਕੀਤਾ ਗਿਆ ਸੀ। ਪੀਓ ਸਟਾਫ ਦੀ ਪੁਲਸ ਵੱਲੋਂ ਜ਼ਿਲ੍ਹਾ ਫ਼ਾਜ਼ਿਲਕਾ ਦੇ ਐਸ.ਐਸ.ਪੀ. ਮਨਜੀਤ ਸਿੰਘ ਢੇਸੀ ਤੇ ਐਸ.ਪੀ. (ਡੀ) ਮਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਸ ਭਗੌੜੇ ਵਿਅਕਤੀ ਰਜਿੰਦਰ ਸਿੰਘ ਨੂੰ ਕਾਬੂ ਕਰਕੇ ਅਗਲੀ ਕਾਰਵਾਈ ਲਈ ਥਾਣਾ ਵੈਰੋਕੇ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਅੱਖਾਂ ਦਾ ਪੰਜਵਾਂ ਮੁਫ਼ਤ ਕੈਂਪ 12 ਨੂੰ

ਚੀਮਾ ਮੰਡੀ (ਰਵਿੰਦਰ ਚੀਮਾ)-ਪਿੰਡ ਤੋਲਾਵਾਲ ਵਿਖੇ ਸ਼ਹੀਦ ਗੁਰਵਿੰਦਰ ਸਿੰਘ ਦੀ ਯਾਦ ਨੂੰ ਸਮਰਪਤ ਯੂਥ ਸਪੋਰਟਸ ਕਲੱਬ ਵੱਲੋਂ ਅੱਖਾਂ ਦਾ ਪੰਜਵਾਂ ਮੁਫ਼ਤ ਕੈਂਪ 12 ਅਕਤੂਬਰ ਨੂੰ ਗੁਰਦੁਆਰਾ ਬਾਬਾ ਨਿਹਾਲ ਸਿੰਘ ਵਿਖੇ ਲਾਇਆ ਜਾ ਰਿਹਾ ਹੈ। ਇਸ ਮੌਕੇ ਕਲੱਬ ਦੇ ਪ੍ਰਧਾਨ ਅਜੈਬ ਸਿੰਘ ਤੇ ਸਾਬਕਾ ਸਰਪੰਚ ਨਿਰਮਲ ਸਿੰਘ ਨੇ ਦੱਸਿਆ ਕਿ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਵੱਲੋਂ ਪਹਿਲਾਂ ਮਰੀਜ਼ਾਂ ਦੇ ਅੱਖਾਂ ਦਾ ਚੈੱਕਅਪ ਕੀਤਾ ਜਾਵੇਗਾ। ਉਸ ਤੋਂ ਬਾਅਦ ਲੋੜਵੰਦਾਂ ਨੂੰ, ਜਿਨ੍ਹਾਂ ਦੇ ਅਪ੍ਰੇਸ਼ਨ ਹੋਣਗੇ, ਉਨ੍ਹਾਂ ਨੂੰ ਹਸਪਤਾਲ ਲਿਜਾ ਕੇ ਮੁਫ਼ਤ ਅਪ੍ਰੇਸ਼ਨ ਕੀਤੇ ਜਾਣਗੇ, ਜੇਕਰ ਕਿਸੇ ਦੇ ਲੈਂਜ ਪਵੇਗਾ ਤਾਂ ਉਹ ਵੀ ਮੁਫ਼ਤ ਪਾਇਆ ਜਾਵੇਗਾ। ਲੋੜਵੰਦਾਂ ਨੂੰ ਐਨਕਾਂ ਤੇ ਦਵਾਈਆਂ ਮੁਫ਼ਤ ਵੰਡੀਆਂ ਜਾਣਗੀਆਂ। ਮਰੀਜ਼ ਆਪਣੇ ਨਾਲ ਆਧਾਰ ਕਾਰਡ ਪਾਸਪੋਰਟ ਸਾਈਜ਼ ਫੋਟੋ ਲੈ ਕੇ ਆਉਣ।

ਕੇ ਕੇ ਯੂ ਨੇ ਬਾਰਾਂ ਘੰਟੇ ਕੰਮ ਕਰਨ ਵਾਲੇ ਨੋਟੀਫਿਕੇਸ਼ਨ ਦੀਆਂ ਸਾੜੀਆਂ ਕਾਪੀਆਂ

ਮੋਗਾ (ਅਮਰਜੀਤ ਬੱਬਰੀ)-ਮੁੱਖ ਮੰਤਰੀ ਭਗਵੰਤ ਮਾਨ ਨੇ ਜੋ ਅੱਠ ਘੰਟੇ ਤੋਂ ਬਾਰਾਂ ਘੰਟੇ ਕੰਮ ਦਾ ਹਿਟਲਰੀ ਫ਼ੁਰਮਾਨ ਜਾਰੀ ਕੀਤਾ ਹੈ, ਉਸ ਦਾ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਦੀ ਅਗਵਾਈ ਵਿੱਚ ਪਿੰਡਾਂ ਵਿੱਚ ਜ਼ੋਰਦਾਰ ਵਿਰੋਧ ਕੀਤਾ ਗਿਆ ਅਤੇ ਅੱਠ ਤੋਂ ਬਾਰਾਂ ਘੰਟੇ ਕੀਤੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ।ਪਿੰਡ ਨਾਥੇ ਵਾਲਾ ਵਿਖੇ ਪੰਮਾ ਸਿੰਘ ਨਾਥੇਵਾਲਾ ਦੀ ਅਗਵਾਈ ਵਿੱਚ ਮਜ਼ਦੂਰਾਂ ਦੀ ਧਰਮਸ਼ਾਲਾ ਵਿੱਚ ਮਜ਼ਦੂਰਾਂ ਦਾ ਇਕੱਠ ਕੀਤਾ ਗਿਆ। ਭਗਵੰਤ ਮਾਨ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਮੰਗ ਕੀਤੀ ਕਿ ਇਹ ਨੋਟੀਫਿਕੇਸ਼ਨ ਵਾਪਸ ਲਿਆ ਜਾਵੇ।ਇਹੀ ਟੀਮ ਪਿੰਡ ਵੱਡੇ ਘਰ ਪੁੱਜੀ ਪਿੰਡ ਵੱਡੇ ਘਰ ਵਾਲਿਆਂ ਸਾਥੀ ਨੇਕ ਸਿੰਘ ਦੀ ਅਗਵਾਈ ਵਿੱਚ ਸਾਰੇ ਮਜ਼ਦੂਰਾਂ ਨੇ ਇਕੱਠੇ ਹੋ ਕੇ ਭਗਵੰਤ ਮਾਨ ਸਰਕਾਰ ਵਿਰੁੱਧ

page-6-10-(OCTO)-2023-G-(BV).qxd 10/9/2023 10:19 PM Page 1

ਕਲਾਸੀਫਾਈਡ ਇਸ਼ਤਿਹਾਰ

Lost & Found

Lost Original stamp paper of Rs 50 of sale deed in said property one property with total area 1-1/2 Marla having min jumla Khasra No. 92//22,23/1/1,97//4,7 Vakia Batala Garbi Tehsil Batala Distt.Gurdaspur sale deed in favour of Vimal Kumar S/O Ram Lubhaya of sale deed no.2015 dated 18.08.2009 and if anybody finds please contact us-9855461823

ਛੱਪੜ ਦੀ ਬੋਲੀ

ਪਿੰਡ ਰਾਮਗੜ੍ਹ (ਦਰੀਆਪੁਰ ਖੁਰਦ) ਵਿਖੇ ਛੱਪੜ ਦੀ ਬੋਲੀ 16 ਅਕਤੂਬਰ 2023 ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਛੱਪੜ ਦੇ ਕੋਲ ਰੱਖੀ ਗਈ ਹੈ। ਚਾਹਵਾਨ ਸਾਹਿਬਾਨ ਨੋਟ ਕਰਨ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਵੱਲੋਂ : ਸਰਪੰਚ ਕਰਮਜੀਤ ਕੌਰ, ਗ੍ਰਾਮ ਪੰਚਾਇਤ, ਰਾਮਗੜ੍ਹ (ਦਰੀਆਪੁਰ ਖੁਰਦ) (ਮਾਨਸਾ), ਮੋਬ: 62397-27549

ਆਮ ਸੂਚਨਾ

ਮੈਂ, ਸਰਬਜੀਤ ਸਿੰਘ ਪੁੱਤਰ ਚਤਰ ਸਿੰਘ ਵਾਸੀ ਮਕਾਨ ਨੰ. ਡੀ-5/2712, ਕੋਟ ਖਾਲਸਾ, ਗੁਰੂ ਨਾਨਕਪੁਰਾ ਰੋਡ, ਦਸਮੇਸ਼ ਨਗਰ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਇੱਕ ਜਾਇਦਾਦ, ਜਿਸ ਦਾ ਕੁੱਲ ਰਕਬਾ 133 ਵਰਗ ਗਜ਼, ਖਸਰਾ ਨੰ. 16//6/3, ਮਿੰਨ ਵਾਕਿਆ ਰਕਬਾ ਕੋਟ ਖਾਲਸਾ, ਸਬ-ਅਰਬਨ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਦਾ ਮੈਂ ਮਾਲਕ ਹਾਂ। ਉਕਤ ਮਕਾਨ ਦੀ ਪਿਛਲੀ ਰਜਿਸਟਰੀ, ਜਿਸ ਦੀ ਤਸਦੀਕ ਮਿਤੀ 19-1-1998 ਵਸੀਕਾ ਨੰ. 11036, ਜੋ ਕਿ ਸੀਤਾ ਰਾਣੀ ਪਤਨੀ ਮੇਹਰ ਚੰਦ ਨੇ ਸੰਤੋਖ ਸਿੰਘ ਪੁੱਤਰ ਹਰਨਾਮ ਸਿੰਘ ਦੇ ਹੱਕ 'ਚ ਕੀਤਾ ਹੈ ਅਤੇ ਮੁਖਤਾਰਨਾਮਾ ਆਮ ਤਸਦੀਕ ਮਿਤੀ 9-2-1995 ਵਸੀਕਾ ਨੰ. 13564 ਸੰਤੋਖ ਸਿੰਘ ਪੁੱਤਰ ਹਰਨਾਮ ਸਿੰਘ ਨੇ ਸੁਖਵਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਦੇ ਹੱਕ ਵਿੱਚ ਕੀਤਾ ਹੈ, ਜੋ ਕਿਧਰੇ ਗੁੰਮ ਹੋ ਗਏ ਹਨ। ਇਸ ਬਾਬਤ ਮੈਂ ਇੱਕ ਪੁਲਸ ਰਿਪੋਰਟ, ਜਿਸ ਦਾ ਜੀ ਡੀ ਨੰਬਰ 027 ਥਾਣਾ ਸਿਵਲ ਲਾਈਨ ਅੰਮ੍ਰਿਤਸਰ ਵਿੱਚ ਮਿਤੀ 19.7.2018 ਨੂੰ ਦਰਜ ਕਰਵਾਈ ਹੈ। ਮੈਂ ਉਕਤ ਜਾਇਦਾਦ ਨੂੰ ਗਹਿਣੇ ਰੱਖ ਕੇ ਸੈਂਟਰਲ ਬੈਂਕ ਆਫ ਇੰਡੀਆ ਬਰਾਂਚ ਸਮਿਟਰੀ ਰੋਡ, ਅੰਮ੍ਰਿਤਸਰ ਪਾਸੋਂ ਕਰਜ਼ਾ ਲੈ ਰਿਹਾ ਹਾਂ। ਮੇਰੀ ਉਕਤ ਜਾਇਦਾਦ ਦੇ ਸੰਬੰਧ ਵਿੱਚ ਕਿਸੇ ਵੀ ਕਿਸਮ ਦਾ ਦਾਅਵਾ ਜੇਕਰ ਕੋਈ ਹੋਵੇ ਤਾਂ ਸੈਂਟਰਲ ਬੈਂਕ ਆਫ ਇੰਡੀਆ ਦੀ ਬਰਾਂਚ ਸਮਿਟਰੀ ਰੋਡ, ਅੰਮ੍ਰਿਤਸਰ 'ਚ 7 ਦਿਨਾਂ ਦੇ ਅੰਦਰ-ਅੰਦਰ ਦਰਜ ਕਰਵਾ ਸਕਦਾ ਹੈ।

COURT NOTICE

In the Court of
Ms. Rajwinder Kaur-II,
Civil Judge (Junior Division),
Ludhiana.
CNR No. PBLD02-005039-2020
Next Date : 3.11.2023
Indian Overseas Bank
Versus
Ranjit Kumar

Recovery Rs. 1,43,524/-Stamp Paper Rs. 200/-

Publication issued to : Ranjit Kumar Father Tarsem Lal H.No. 74, St. No. 3, Near Radha Swami Satsang, Hambran Road, Partap Singhwala Ludhiana-141008

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.11.2023 at 10.00 a.m.

For details logon to https://high-courtchd.gov.in/?trs=district notice & district=Ludhiana.

Civil Judge (Junior Division), Ludhiana.
Dated, this day of 5.10.2023

COURT NOTICE

In the Court of
Ms. Manzra Dutta
Civil Judge (Junior Division),
Kharar.
CNR No. PBSAA0001256-2017
Next Date : 31.10.2023
CS/712/2017
The Presbyterian Church of Aotearao New Zealand
Versus
United Church of North India & Ors.

Notice to : DEF No. 5. Harbhajan Kaur W/o Ravi Loyal S/o Late Arthur Loyal R/o H.No. 1437, Ward No. 5 Mission Compund, Civil Hospital Road, Kharar, Distt. SAS Nagar, Mohali.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 31.10.2023 at 10.00 a.m.

For details logon to https://high-courtchd.gov.in/?trs=district notice & district=Mohali.

Civil Judge (Junior Division), Kharar.
Dated, this day of 30.9.2023

COURT NOTICE

In the Court of
Ms. Tripat Jot Kaur
Addl. Principal Judge Family Court-1, Jalandhar.
CNR No. PBJL01-002728-2020
Next Date : 21.12.2023

1. Bakhshish Singh aged about 70 years S/o Maan Singh 2. Manjit Kaur aged about 55 years W/o Bakhshish Singh both R/o Vill. Kurala, P.O. Sudana Sub Tehsil Bhogpur, Tehsil & Distt. Jalandhar.

Versus

Saroj W/o Late Sh. Lakhwinder Singh & D/o Mohinder Singh R/o Vill. Randhawa Tehsil & Distt. Kapurthala.

Petition Under Guardian and Wards Act

Publication issued to : Saroj Spouse Late Sh. Lakhwinder Singh D/o Mohinder Singh R/o Vill. Randhawa, Tehsil and Distt. Kapurthala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.12.2023 at 10.00 a.m.

For details logon to https://high-courtchd.gov.in/?trs=district notice & district=Jalandhar

Addl. Principal Judge Family Court-1, Jalandhar.
Dated, this day of 30.9.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

ਕੇਸ ਨੰ: 53/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ
ਤਾਰੀਖ ਦਾਇਰ : 11.5.2023
ਤਕਸੀਮ ਖੇਵਟ ਨੰ: 304, ਖਤੌਨੀ ਨੰਬਰ 420-422 ਮੁਤਾਬਕ ਜਮ੍ਹਾਂਬੰਦੀ ਸਾਲ 2016-2017 ਵਾਕਿਆ ਰਕਬਾ ਪਿੰਡ ਹਬੀਬਵਾਲ, ਹਦਬਸਤ ਨੰ: 57, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ।

1. ਬਲਵੀਰ ਸਿੰਘ ਪੁੱਤਰ ਭਜਨ ਸਿੰਘ ਵਾਸੀ 2037 N state Road New Castle, In 47362, Indiana USA ਹਾਲ ਵਾਸੀ ਪਿੰਡ ਹਬੀਬਵਾਲ, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ।

(ਫਰੀਕ ਅੱਵਲ)

ਬਨਾਮ : 1. ਸੁਖਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ 2. ਕਸ਼ਮੀਰਾ ਸਿੰਘ ਪੁੱਤਰ ਸੁੱਚਾ ਸਿੰਘ 3. ਸੁਖਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਨਰਿੰਦਰ ਸਿੰਘ 4. ਸੁੱਚਾ ਸਿੰਘ (ਮ੍ਰਿਤਕ) ਬਜਰੀਆ ਕੁਦਰਤੀ ਵਾਰਸ ਉ. ਕਸ਼ਮੀਰਾ ਸਿੰਘ ਪੁੱਤਰ ਸੁੱਚਾ ਸਿੰਘ ਅ. ਬਚਨ ਕੌਰ ਪਤਨੀ ਸੁੱਚਾ ਸਿੰਘ ੲ. ਪਰਮਜੀਤ ਕੌਰ ਪੁੱਤਰੀ ਸੁੱਚਾ ਸਿੰਘ 5. ਸੁਰਜੀਤ ਸਿੰਘ ਪੁੱਤਰ ਨਰਿੰਦਰ ਸਿੰਘ ਪੁੱਤਰ ਰੂੜ ਸਿੰਘ 6. ਦਲੀਪ ਸਿੰਘ ਪੁੱਤਰ ਦਰਗਾਹ ਸਿੰਘ ਪੁੱਤਰ ਵਧਾਵਾ ਸਿੰਘ 7. ਕੁਲਵੰਤ ਸਿੰਘ ਪੁੱਤਰ ਦਰਗਾਹ ਸਿੰਘ ਪੁੱਤਰ ਵਧਾਵਾ ਸਿੰਘ ਸਾਰੇ ਖੇਵਟਦਾਰ ਵਾਸੀਆਨ ਪਿੰਡ ਹਬੀਬਵਾਲ, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ।

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉੱਪਰ ਲਿਖੇ ਫਰੀਕੈਨ ਦੋਇਮ ਦੀ ਸਾਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸਾਰੇ ਫਰੀਕੈਨਦੋਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਖੁਦ ਜਾਂ ਉਹਨਾ ਦੇ ਵਾਰਸ ਜਾਂ ਰਾਹੀਂ ਕੌਂਸਲ ਮਿਤੀ 17.10.2023 ਨੂੰ ਦੁਪਹਿਰ 12 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ। ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 5.10.2023 ਨੂੰ ਮੋਹਰ ਅਦਾਲਤ ਇਸ਼ਤਿਹਾਰ ਰਾਹੀਂ ਹੋਇਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।
ਨੰ: 326/ਰੀਡਰ/ਮਿਤੀ : 5.10.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

ਕੇਸ ਨੰਬਰ : 47-52/ਡੀ ਆਰ ਓ/ਐੱਫ ਟੀ ਸੀ/ਐੱਨ ਆਰ ਆਈ
ਤਾਰੀਖ ਦਾਇਰ : 09/05/2023
ਤਕਸੀਮ ਖੇਵਟ ਨੰਬਰ : 198, 342, 343, 344, 345, 346 ਖਤੌਨੀ ਨੰਬਰ 228-229, 398-399, 400-401, 402, 403-404, 405 ਮੁਤਾਬਕ ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਇਬਰਾਹਿਮਵਾਲ ਤਰਫ ਅਰਜ਼ਦ ਖਾਂ, ਇਬਰਾਹਿਮਵਾਲ ਤਰਫ ਗੁਲਾਮ ਨਬੀ ਖਾਂ, ਹਦਬਸਤ ਨੰ: 54-55, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ।

1. ਪ੍ਰਭਦੀਪ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਮਕਾਨ ਬੀ-8/42 ਲਾਹੌਰੀ ਗੇਟ, ਕਪੂਰਥਲਾ 2. ਪ੍ਰਭਜੋਤ ਕੌਰ ਪੁੱਤਰੀ ਬਲਜੀਤ ਸਿੰਘ ਵਾਸੀ ਮਕਾਨ ਬੀ-8/42, ਲਾਹੌਰੀ ਗੇਟ, ਕਪੂਰਥਲਾ ਹਾਲ ਵਾਸੀ 1507988 ਏ Avenue, Surrey B.C. V3R 6W7 Canada ਬਜਰੀਆ ਮੁਖਤਾਰ ਅਤੇ ਭਰਾ ਪ੍ਰਭਦੀਪ ਸਿੰਘ ਪੁੱਤਰ ਬਲਜੀਤ ਸਿੰਘ ਅਤੇ ਹੋਰ। (ਫਰੀਕ ਅੱਵਲ)

ਬਨਾਮ-1. ਕੁਲਦੀਪ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਤੇ ਡਾਕ: ਇਬਰਾਹਿਮ ਵਾਲ, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ 2. ਸੁਰਜੀਤ ਕੌਰ ਪਤਨੀ ਬਲਕਾਰ ਸਿੰਘ ਵਾਸੀ ਪਿੰਡ ਬਿਬੜੀ, ਡਾਕ: ਭੁਲਾਣਾ, ਤਹਿ: ਵਾ ਜ਼ਿਲ੍ਹਾ ਕਪੂਰਥਲਾ 3. ਗੁਰਦੀਪ ਸਿੰਘ ਪੁੱਤਰ ਸੁੱਚਾ ਸਿੰਘ 4. ਜਤਿੰਦਰ ਸਿੰਘ ਪੁੱਤਰ ਸੁੱਚਾ ਸਿੰਘ 5. ਗੁਰਵਿੰਦਰ ਕੌਰ ਪਤਨੀ ਰਣਜੀਤ ਸਿੰਘ ਪੁੱਤਰੀ ਸੁੱਚਾ ਸਿੰਘ 6. ਦਲਜੀਤ ਸਿੰਘ ਪੁੱਤਰ ਸੁੱਚਾ ਸਿੰਘ 7. ਬਲਵਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਮੋਤਾ ਸਿੰਘ ਸਾਰੇ ਵਾਸੀਆਨ ਪਿੰਡ ਇਬਰਾਹਿਮਵਾਲ, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ 8. ਦਵਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਪੁੱਤਰ ਨਾਨਕ ਸਿੰਘ 9. ਅਮਰਜੀਤ ਕੌਰ ਪਤਨੀ ਬਲਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ 10. ਗੁਰਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ 11. ਕੁਲਵਿੰਦਰ ਕੌਰ ਪਤਨੀ ਗੁਰਮੇਲ ਸਿੰਘ ਪੁੱਤਰ ਬਲਵੰਤ ਸਿੰਘ 12. ਕੁਲਦੀਪ ਕੌਰ ਪਤਨੀ ਬਲਵਿੰਦਰ ਸਿੰਘ ਪੁੱਤਰ ਦਲੀਪ ਸਿੰਘ 13. ਜਤਿੰਦਰਪਾਲ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਹਰਬੰਸ ਸਿੰਘ 14. ਕੁਲਦੀਪ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਕਰਤਾਰ ਸਿੰਘ 15. ਰਜਵੰਤ ਕੌਰ ਪਤਨੀ ਜਗਜੀਤ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀਆਨ ਪਿੰਡ ਇਬਰਾਹਿਮਵਾਲ ਤਰਫ ਗੁਲਾਮ ਨਬੀ ਖਾਂ, ਤਹਿ: ਭੁਲੱਥ, ਜ਼ਿਲ੍ਹਾ ਕਪੂਰਥਲਾ।

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉੱਪਰ ਲਿਖੇ ਫਰੀਕੈਨ ਦੋਇਮ ਦੀ ਸਾਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸਾਰੇ ਫਰੀਕੈਨਦੋਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੁਦ ਜਾਂ ਉਹਨਾ ਦੇ ਵਾਰਸ ਜਾਂ ਰਾਹੀਂ ਕੌਂਸਲ ਮਿਤੀ 17.10.2023 ਨੂੰ ਦੁਪਹਿਰ 12 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣੇ ਪੱਖ ਪੇਸ਼ ਕਰਨ। ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਅੱਜ ਮਿਤੀ 5.10.2023 ਨੂੰ ਮੋਹਰ ਅਦਾਲਤ ਇਸ਼ਤਿਹਾਰ ਰਾਹੀਂ ਹੋਇਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐੱਨ ਆਰ ਆਈਜ਼, ਕਪੂਰਥਲਾ।

COURT NOTICE

In the Court of
Roopa Dhaliwal
Sub Divisional Judicial Magistrate, Malerkotla.
NACT/100/2020
CNR No. PBSGC1-000292-2020
Next Date : 14.11.2023
Sukhvir Singh
Versus
Ashu Guru

Publication issued to : Ashu Guru S/o Prem Chand R/o H.No. 1036, Somsons Colony, Thandi Sarak, Malerkotla, Distt. Sangrur

In above titled case, the accused could not be served. It is ordered that accused should appear in person or through counsel on 14.11.2023 at 10.00 a.m.

For details logon to https://high-courtchd.gov.in/?trs=district notice & district=Sangrur

Sub Divisional Judicial Magistrate, Malerkotla.
Dated, this day of 9.10.2023

COURT NOTICE

In the Court of
Mrs. Sudipa Kaur
Civil Judge (Junior Division),
Kharar.
CNR No. PBSAA0-001263-2023
Next Date : 3.11.2023
Rajeev Loona
Versus
General Public

Publication issued to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 3.11.2023 at 10.00 a.m.

For details logon to https://high-courtchd.gov.in/?trs=district notice & district=SAS Nagar.

Civil Judge (Junior Division), Kharar
Dated, this day of 6.10.2023

ਆਮ ਸੂਚਨਾ

ਮੈਂ, ਚਰਨਜੀਤ ਕੌਰ ਪਤਨੀ ਮਲਕੀਤ ਸਿੰਘ ਵਾਸੀ ਮਾਣੂੰਕੇ ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਇਹ ਕਿ ਅਧਾਰ ਕਾਰਡ ਵਿੱਚ ਮੇਰਾ ਨਾਂਅ ਚਰਨਜੀਤ ਕੌਰ ਹੈ ਅਤੇ ਜਮ੍ਹਾਂਬੰਦੀ ਵਿੱਚ ਚਰਨ ਕੌਰ ਪੁੱਤਰੀ ਬਹਾਲ ਸਿੰਘ ਹੈ। ਦੋਨੋਂ ਇੱਕ ਹੀ ਔਰਤ ਦੇ ਦੋਨੋਂ ਨਾਂਅ ਹਨ।

ਮੈਂ, ਬਲਜਿੰਦਰ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਮਾਣੂੰਕੇ ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਇਹ ਕਿ ਅਧਾਰ ਕਾਰਡ ਵਿੱਚ ਮੇਰਾ ਨਾਂਅ ਬਲਜਿੰਦਰ ਕੌਰ ਹੈ ਅਤੇ ਜਮ੍ਹਾਂਬੰਦੀ ਵਿੱਚ ਚੰਦ ਕੌਰ ਪੁੱਤਰੀ ਬਹਾਲ ਸਿੰਘ ਹੈ। ਮੇਰੇ ਇੱਕ ਹੀ ਔਰਤ ਦੇ ਦੋਨੋਂ ਨਾਂਅ ਹਨ।

ਮੈਂ, ਕਰਮਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਮਾਣੂੰਕੇ ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਇਹ ਕਿ ਅਧਾਰ ਕਾਰਡ ਵਿੱਚ ਮੇਰਾ ਨਾਂਅ ਕਰਮਜੀਤ ਕੌਰ ਹੈ ਅਤੇ ਜਮ੍ਹਾਂਬੰਦੀ ਵਿੱਚ ਭੋਲੋ ਪੁੱਤਰੀ ਬਹਾਲ ਸਿੰਘ ਹੈ। ਮੇਰੇ ਇੱਕ ਹੀ ਔਰਤ ਦੇ ਦੋਨੋਂ ਨਾਂਅ ਹਨ।

ਮੈਂ, ਨਿਰੰਕਰ ਅਵਿਨਾਸ਼ ਪੁੱਤਰ ਧਰਮ ਚੰਦ ਸੰਧੂ ਵਾਸੀ ਮਕਾਨ ਨੰ: 27, ਅਭਿਨੰਦਨ ਪਾਰਕ, ਨੰਦਨਪੁਰ ਰੋਡ, ਨੇੜੇ ਪਿੰਡ ਨੰਦਨਪੁਰ, ਜਲੰਧਰ-144013 ਸੂਚਿਤ ਕਰਦਾ ਹਾਂ ਕਿ ਮੇਰੇ ਬੇਟੇ ਹਰਦੀਪ ਸੰਧੂ ਦੇ ਦਸਵੀਂ ਅਤੇ 10+2 ਦੇ ਸਰਟੀਫਿਕੇਟ 'ਚ ਉਸ ਦੇ ਪਿਤਾ ਦਾ ਨਾਂਅ ਗਲਤੀ ਨਾਲ ਅਵਿਨਾਸ਼ ਸੰਧੂ ਲਿਖਿਆ ਹੋਇਆ ਹੈ, ਜਦ ਕਿ ਉਸ ਦੇ ਜਨਮ ਸਰਟੀਫਿਕੇਟ ਮੁਤਾਬਕ ਉਸ ਦੇ ਪਿਤਾ ਦਾ ਸਹੀ ਨਾਂਅ ਨਿਰੰਦਰ ਅਵਿਨਾਸ਼ ਹੈ। ਸੰਬੰਧਤ ਨੋਟ ਕਰਨ।

ਮੈਂ, ਊਸ਼ਾ ਪਤਨੀ ਨਿਰੰਤਰ ਅਵਿਨਾਸ਼ ਵਾਸੀ ਮਕਾਨ ਨੰ: 27, ਅਭਿਨੰਦਨ ਪਾਰਕ, ਨੰਦਨਪੁਰ ਰੋਡ, ਨੇੜੇ ਪਿੰਡ ਨੰਦਨਪੁਰ, ਜਲੰਧਰ-144013, ਸੂਚਿਤ ਕਰਦੀ ਹਾਂ ਕਿ ਮੇਰੇ ਬੇਟੇ ਹਰਦੀਪ ਸੰਧੂ ਦੇ ਦਸਵੀਂ ਅਤੇ 10+2 ਦੇ ਸਰਟੀਫਿਕੇਟਜ਼ 'ਚ ਉਸ ਦੀ ਮਾਤਾ ਦਾ ਨਾਂਅ ਗਲਤੀ ਨਾਲ ਊਸ਼ਾ ਅਵਿਨਾਸ਼ ਲਿਖਿਆ ਗਿਆ ਹੈ, ਜਦ ਕਿ ਉਸ ਦੇ ਜਨਮ ਸਰਟੀਫਿਕੇਟ ਮੁਤਾਬਕ ਉਸ ਦੀ ਮਾਤਾ ਦਾ ਸਹੀ ਨਾਂਅ ਊਸ਼ਾ ਹੈ। ਸੰਬੰਧਤ ਨੋਟ ਕਰਨ।

ਇੱਕ ਮੋਟਰ ਕੁਨੈਕਸ਼ਨ ਖਾਤਾ ਨੰ. ਏ ਪੀ 10/446 (3003705310) 17.5 ਹਾਰਸ ਪਾਵਰ, ਜੋ ਕਿ ਮੁਕੰਦ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਬੀਜ਼ ਰਾਉਕੇ (ਮੋਗਾ) ਦੇ ਨਾਂਅ ਚੱਲ ਰਿਹਾ ਹੈ, ਨੂੰ ਰਣਜੀਤ ਸਿੰਘ ਪੁੱਤਰ ਮੁਕੰਦ ਸਿੰਘ ਵਾਸੀ ਬੀਜ਼ ਰਾਉਕੇ (ਮੋਗਾ) ਦੇ ਨਾਂਅ ਹੋਣ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ (ਮੋਗਾ) ਨੂੰ ਸੂਚਿਤ ਕਰੇ। (ਸਾਗਰ)

ਮੈਂ, ਕ੍ਰਿਸ਼ਨ ਲਾਲ ਪੁੱਤਰ ਜਮਨਾ ਦਾਸ ਵਾਸੀ ਪਿੰਡ ਉੱਗੀ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਕ੍ਰਿਸ਼ਨ ਲਾਲ ਤੋਂ ਕ੍ਰਿਸ਼ਨ ਲਾਲ ਬੱਠਲਾ (Krishan Lal Bathla) ਰੱਖ ਲਿਆ ਹੈ। ਮੇਰੇ ਅਧਾਰ ਕਾਰਡ 9803 7889 8846 'ਤੇ ਮੇਰਾ ਨਾਂਅ ਕ੍ਰਿਸ਼ਨ ਲਾਲ ਦਰਜ ਹੈ। ਮੇਰੇ ਅਧਾਰ ਕਾਰਡ 'ਤੇ ਮੇਰਾ ਨਾਂਅ ਕ੍ਰਿਸ਼ਨ ਲਾਲ ਬੱਠਲਾ (Krishan Lal Bathla) ਕੀਤਾ ਜਾਵੇ। ਕ੍ਰਿਸ਼ਨ ਲਾਲ ਅਤੇ ਕ੍ਰਿਸ਼ਨ ਲਾਲ ਬੱਠਲਾ ਦੋ ਨਾਵਾਂ ਨਾਲ ਮੈਨੂੰ ਜਾਣਿਆ ਜਾਂਦਾ ਹੈ। ਮੈਨੂੰ ਭਵਿੱਖ 'ਚ ਕ੍ਰਿਸ਼ਨ ਲਾਲ ਬੱਠਲਾ (Krishan Lal Bathla) ਦੇ ਨਾਂਅ ਨਾਲ ਜਾਣਿਆ ਜਾਵੇ। (ਵਰੀਕ ਅੱਵਲ)

ਮੈਂ, ਕਰਨਦੀਪ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਪਿੰਡ ਖੈਰ ਦੀਨਕੇ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਸਰਵਣ ਸਿੰਘ ਸਪੁੱਤਰ ਹਰਦੀਪ ਸਿੰਘ ਵਾਸੀ ਸੰਧੂ ਐਵੇਨਿਊ ਅੰਮ੍ਰਿਤਸਰ ਦੇ ਘਰ ਦੇ ਲੋਨ ਲਈ ਗਵਾਹੀ ਦਿੱਤੀ ਸੀ, ਪਰ ਹੁਣ ਝਗੜੇ ਕਾਰਨ ਮੇਰਾ ਸਰਵਣ ਸਿੰ

10-OCT-PAGE-7.qxd 10/9/2023 10:14 PM Page 1

ਦੁਸਹਿਰੇ 'ਤੇ ਰਾਵਣ ਦੀ ਥਾਂ ਜਲ ਮੰਤਰੀ ਦਾ ਪੁਤਲਾ ਫੂਕਣਗੇ ਮੋਟੀਵੇਟਰ

ਬਰੇਟਾ (ਗੋਬਿੰਦ ਸ਼ਰਮਾ)-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿੱਚ ਬਤੌਰ ਮੋਟੀਵੇਟਰ ਵਰਕਰ ਪਿਛਲੇ 7 ਸਾਲਾਂ ਤੋਂ ਬਿਨਾਂ ਕਿਸੇ ਤਨਖ਼ਾਹ ਦੇ ਤੁਛ ਜਿਹੇ ਮਾਣਭੱਤੇ ਤੋਂ ਕੰਮ ਕਰ ਰਹੇ ਮੋਟੀਵੇਟਰਾਂ ਨੇ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦਾ ਦੁਸਹਿਰੇ ਦੇ ਤਿਉਹਾਰ 'ਤੇ ਪੁਤਲਾ ਫੂਕਣ ਦਾ ਐਲਾਨ ਕੀਤਾ ਹੈ। ਸੂਬਾ ਆਗੂਆਂ ਨੇ ਦੱਸਿਆ ਕਿ ਲੋਹੜੀ ਵਾਲੇ ਦਿਨ ਮੁੱਖ ਮੰਤਰੀ ਵੱਲੋਂ 6 ਹਜ਼ਾਰ ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਸੀ, ਜਿਸ ਵਿੱਚ ਜਲ ਸਪਲਾਈ ਵਿਭਾਗ ਦੇ 400 ਦੇ ਕਰੀਬ ਮੋਟੀਵੇਟਰ ਤੇ 5600 ਦੇ ਕਰੀਬ ਐਜੂਕੇਸ਼ਨ ਵਲੰਟੀਅਰਜ ਸ਼ਾਮਲ ਸਨ। ਸਿੱਖਿਆ ਵਿਭਾਗ ਨੇ ਆਪਣੇ ਐਜੂਕੇਸ਼ਨ ਵਲੰਟੀਅਰਜ ਨੂੰ ਪੱਕਾ ਕਰ ਦਿੱਤਾ ਗਿਆ ਹੈ, ਜਦਕਿ 400 ਮੋਟੀਵੇਟਰਾਂ ਨੂੰ ਮਹਿਕਮੇ ਵਿੱਚ ਮਰਜ਼ ਕਰਨ ਲਈ ਜਲ ਮੰਤਰੀ ਵੱਲੋਂ ਕੋਈ ਕਦਮ ਨਹੀਂ ਚੁੱਕਿਆ ਗਿਆ। ਲਗਭਗ 2 ਸਾਲਾਂ ਤੋਂ ਜਲ ਮੰਤਰੀ ਦੇ ਚੱਕਰ ਲਾ ਰਹੇ ਹਨ। ਹਰ ਵਾਰ ਸਿਰਫ਼ ਲਾਰਾ ਹੀ ਲਾਇਆ ਹੈ, ਜਿਸ ਕਾਰਨ ਸਮੂਹ ਵਰਕਰਾਂ ਵਿੱਚ ਜਲ ਮੰਤਰੀ ਪ੍ਰਤੀ ਰੋਸ ਹੈ ਤੇ ਉਨ੍ਹਾਂ ਨੇ ਜਲ ਸਪਲਾਈ ਮੰਤਰੀ ਦਾ ਪੁਤਲਾ ਫੂਕਣ ਸਮੇਤ ਦੁਸਹਿਰੇ 'ਤੇ ਪੁੱਜ ਰਹੇ ਮੁੱਖ ਮਹਿਮਾਨ ਦਾ ਵੀ ਕਾਲੇ ਝੰਡਿਆਂ ਨਾਲ ਸਵਾਗਤ ਕਰਨ ਦਾ ਐਲਾਨ ਕੀਤਾ ਹੈ। ਜੇਕਰ ਇਸ ਪ੍ਰਦਰਸ਼ਨ ਦੌਰਾਨ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸਦੀ ਜ਼ਿੰਮੇਵਾਰੀ ਜਲ ਸਪਲਾਈ ਮੰਤਰੀ ਦੀ ਹੋਵੇਗੀ। ਇਸ ਮੌਕੇ ਸੁਖਬੀਰ ਚੀਮਾ, ਗੁਰਪ੍ਰੀਤ ਸੋਢੀ, ਰਵਿੰਦਰ ਅਲੀਸ਼ੇਰ, ਰਣਜੀਤ ਸਿੰਘ, ਰਵੀ ਕੁਲਰੀਆਂ, ਸਤਨਾਮ ਸਿੰਘ, ਲਖਵੀਰ ਸਿੰਘ ਤੇ ਜਗਸੀਰ ਸਿੰਘ ਆਦਿ ਹਾਜ਼ਰ ਰਹੇ।

ਡਾ. ਅਸ਼ੋਕ ਬਠਲਾ ਨੇ ਹਾਸਲ ਕੀਤਾ ਲੈਫਟੀਨੈਂਟ ਰੈਂਕ

ਤਲਵੰਡੀ ਸਾਬੋ (ਜਗਦੀਪ ਗਿੱਲ)

ਪੰਜਾਬੀ ਯੂਨੀਵਰਸਿਟੀ ਕੈਂਪਸ ਵੱਲੋਂ ਦੱਸਿਆ ਗਿਆ ਕਿ ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਦੇ ਸਹਾਇਕ ਪ੍ਰੋਫੈਸਰ ਤੇ ਕੈਂਪਸ ਵੱਲੋਂ ਐਸੋਸੀਏਟ ਐੱਨ.ਸੀ.ਸੀ ਅਫ਼ਸਰ (ਏ.ਐੱਨ.ਓ) ਦੀ ਜ਼ਿੰਮੇਵਾਰੀ ਨਿਭਾਅ ਰਹੇ ਡਾ. ਅਸ਼ੋਕ ਬਠਲਾ ਨੇ ਆਫ਼ੀਸਰ ਟ੍ਰੇਨਿੰਗ ਅਕੈਡਮੀ ਨਾਗਪੁਰ (ਮਹਾਂਰਾਸ਼ਟਰ) ਵਿਖੇ ਸਤੰਬਰ ' ਚ ਮੁਕੰਮਲ ਹੋਈ। ਤਿੰਨ ਮਹੀਨੇ ਦੀ ਸਫ਼ਲਤਾ ਪੂਰਵਕ ਸਖ਼ਤ ਸਿਖ਼ਲਾਈ (ਪ੍ਰੀ-ਕਮਿਸ਼ਨਡ ਟ੍ਰੇਨਿੰਗ) ਪ੍ਰਾਪਤ ਕਰਨ ਉਪਰੰਤ ਲੈਫਟੀਨੈਂਟ ਰੈਂਕ ਹਾਸਲ ਕੀਤਾ ਹੈ। ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਇਸ ਮੌਕੇ ਡਾ. ਬਠਲਾ ਨੂੰ ਵਧਾਈ ਦਿੰਦਿਆਂ ਕਿਹਾ ਉਨ੍ਹਾਂ ਦੇ ਲੈਫਟੀਨੈਂਟ ਰੈਂਕ ਪ੍ਰਾਪਤ ਕਰਨ ਨਾਲ ਕੈਂਪਸ ਵਿਖੇ ਚੱਲ ਰਿਹਾ ਐੱਨ.ਸੀ.ਸੀ. ਵਿੰਗ ਇੱਕ ਠੋਸ ਅਤੇ ਸਥਾਪਤ ਢਾਂਚੇ ਦੇ ਅੰਤਰਗਤ ਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਠੋਸ ਪ੍ਰਬੰਧ ਬਨਣ ਨਾਲ ਇਸ ਕੈਂਪਸ ਦੇ ਵਿਦਿਆਰਥੀ ਕੈਡਿਟਾਂ ਦੀ ਸਿਖ਼ਲਾਈ ਹੋਰ ਹੁਨਰਮਈ ਹੋਵੇਗੀ, ਜੋ ਉਨ੍ਹਾਂ ਦੇ ਰੋਜ਼ਗਾਰ ਪ੍ਰਾਪਤੀ ਦੀਆਂ ਪਰਸਪਰ ਸੰਭਾਵਨਾਵਾਂ ਵਿੱਚ ਨਿਸਚਿਤ ਤੌਰ 'ਤੇ ਹੋਰ ਵਾਧਾ ਕਰੇਗੀ।

ਪ੍ਰੋ. ਅਸ਼ੋਕ ਬਠਲਾ ਨੇ ਦੱਸਿਆ ਕਿ ਉਨ੍ਹਾਂ ਨੇ ਕੈਂਪਸ ਡਾਇਰੈਕਟਰ ਪ੍ਰੋਫ਼ੈਸਰ (ਡਾ.) ਜਸਬੀਰ ਸਿੰਘ ਹੁੰਦਲ ਦੀ ਪ੍ਰੇਰਣਾ ਸਦਕਾ ਇਸ ਵਿੰਗ ਦੀ ਕਮਾਨ ਬਤੌਰ ਐੱਨ.ਸੀ.ਸੀ. ਕੇਅਰ ਟੇਕਰ ਅਫ਼ਸਰ ਵਜੋਂ ਪਿਛਲੇ ਸਾਲ 2022 ਵਿੱਚ ਸੰਭਾਲੀ ਸੀ ਅਤੇ ਉਨ੍ਹਾਂ ਦੇ ਸਹਿਯੋਗ ਸਦਕਾ ਹੁਣ ਲੈਫਟੀਨੈਂਟ ਵਰਗਾ ਗੌਰਵਮਈ ਰੈਂਕ ਹਾਸਲ ਕਰਨ ਵਿੱਚ ਕਾਮਯਾਬ ਹੋ ਸਕਿਆ ਹਾਂ। ਦੱਸਿਆ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਵਿਖੇ ਇਹ ਵਿੰਗ 20ਵੀਂ ਪੰਜਾਬ ਬਟਾਲੀਅਨ ਐਨ.ਸੀ.ਸੀ. (ਬਠਿੰਡਾ)

■ ਪੰਜਾਬੀ 'ਵਰਸਿਟੀ ਕੈਂਪਸ ਸਿਰ ਸਜਿਆ ਇੱਕ ਹੋਰ ਤਾਜ

ਅਧੀਨ ਚੱਲ ਰਿਹਾ ਹੈ, ਜਿਸ ਵਿੱਚ ਵਿਦਿਆਰਥੀਆਂ ਅੰਦਰ ਕੈਡਿਟ ਵਜੋਂ ਐਨਰੋਲ ਹੋਣ ਉਪਰੰਤ ਲਗਾਤਾਰ ਤਿੰਨ ਸਾਲ ਦੀ ਵਡਮੁੱਲੀ ਟ੍ਰੇਨਿੰਗ ਦੌਰਾਨ ਅਨੁਸਾਸ਼ਨ, ਚੰਗੇ-ਆਚਰਣ, ਆਪਸੀ-ਭਾਈਚਾਰਕ ਸਾਂਝ ਰੱਖਣ, ਸਹਿਣਸ਼ੀਲਤਾ, ਸਾਹਸ ਅਤੇ ਉੱਦਮ ਵਰਗੇ ਗੁਣ ਵਿਕਸਿਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਸ ਮੌਕੇ ਡਾ. ਬਠਲਾ ਨੂੰ ਵਧਾਈ ਦੇਣ ਵਾਲਿਆਂ ਵਿੱਚ ਵੱਡੀ ਗਿਣਤੀ 'ਚ ਫੈਕਲਟੀ, ਸਟਾਫ਼ ਤੇ ਕੈਂਪਸ ਦੇ ਯਾਦਵਿੰਦਰਾ ਇੰਜਨੀਅਰਿੰਗ ਵਿਭਾਗ, ਯਾਦਵਿੰਦਰਾ ਸਾਇੰਸਜ਼ ਵਿਭਾਗ, ਯੂਨੀਵਰਸਿਟੀ ਬਿਜ਼ਨੈੱਸ ਸਟੱਡੀਜ਼ ਵਿਭਾਗ, ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਵਿਭਾਗ ਤੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਸਹਿਬਾਨ ਕ੍ਰਮਵਾਰ ਡਾ. ਸਿੰਪਲ ਜਿੰਦਲ, ਡਾ. ਅੰਜੂ ਸੈਣੀ, ਡਾ. ਅਨੰਦ ਬਾਂਸਲ, ਡਾ. ਬਲਦੇਵ ਸਿੰਘ ਤੇ ਡਾ. ਸੁਸ਼ੀਲ ਕੁਮਾਰ ਸ਼ਾਮਲ ਸਨ।

ਮਨਪ੍ਰੀਤ ਸਿੰਘ ਬਾਦਲ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਅੱਜ

ਤਲਵੰਡੀ ਸਾਬੋ (ਜਗਦੀਪ ਗਿੱਲ)

ਬਠਿੰਡਾ ਦੇ ਇਲਾਕਾ ਮਾਡਲ ਟਾਊਨ 'ਚ ਸਾਬਕਾ ਵਿੱਤ ਮੰਤਰੀ ਪੰਜਾਬ ਦੇ ਲਈ ਪਲਾਂਟ ਖਰੀਦਣ ਵਾਸਤੇ ਕਥਿਤ ਤੌਰ 'ਤੇ ਬੀਡੀਏ ਦੇ ਰਿਕਾਰਡ ਵਿੱਚ ਭੰਨਤੋੜ ਕਰਨ ਦੇ ਮਾਮਲੇ ਵਿੱਚ ਮੁਜਰਮ ਬਣੇ ਏ ਡੀ ਸੀ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਵੀ ਹੁਣ ਗ੍ਰਿਫ਼ਤਾਰੀ ਦੇ ਡਰੋਂ ਅਦਾਲਤ ਕੋਲੋਂ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ। ਐਡਵੋਕੇਟ ਜਸਵੰਤ ਸਿੰਘ ਮਿਰਜੇਆਣਾ ਨੇ ਦੱਸਿਆ ਕਿ ਪਲਾਂਟ ਮਾਮਲੇ ਵਿੱਚ ਵਿਜੀਲੈਂਸ ਵੱਲੋਂ ਲੰਘੀ 24 ਸਤੰਬਰ ਨੂੰ ਦਰਜ ਕੀਤੇ ਮੁਕੱਦਮੇ ਵਿੱਚ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਨਾਲ-ਨਾਲ ਏ ਡੀ ਸੀ ਬਿਕਰਮਜੀਤ ਸਿੰਘ ਸ਼ੇਰਗਿੱਲ, ਬੀਡੀਏ ਦੇ ਸੁਪਰਡੈਂਟ ਪੰਕਜ ਕਾਲੀਆ, ਹੋਟਲ ਕਾਰੋਬਾਰੀ ਰਾਜੀਵ ਕੁਮਾਰ, ਵਪਾਰੀ ਵਿਕਾਸ ਅਰੋੜਾ ਤੇ ਇੱਕ ਸ਼ਰਾਬ ਠੇਕੇਦਾਰ ਦੇ ਮੁਲਾਜਮ ਅਮਨਦੀਪ ਸਿੰਘ ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਤੇ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਸਾਬਕਾ ਵਿੱਤ ਮੰਤਰੀ ਨੇ ਵੀ ਬਠਿੰਡਾ ਦੀ ਅਦਾਲਤ 'ਚ ਜ਼ਮਾਨਤ ਦੀ ਅਰਜ਼ੀ ਲਾਈ ਸੀ ਪ੍ਰੰਤੂ ਸੈਸ਼ਨ ਕੋਰਟ ਨੇ ਇਸ ਅਰਜ਼ੀ ਨੂੰ ਲੰਘੀ 4 ਅਕਤੂਬਰ ਨੂੰ ਰੱਦ ਕਰ ਦਿੱਤਾ ਸੀ, ਜਿਸ ਤੋਂ ਬਾਅਦ ਏ ਡੀ ਸੀ ਬਿਕਰਮਜੀਤ ਸਿੰਘ ਸ਼ੇਰਗਿੱਲ ਨੇ ਵੀ 5 ਅਕਤੂਬਰ ਨੂੰ ਆਪਣੇ ਵਕੀਲ ਜਸਵੰਤ ਸਿੰਘ ਮਿਰਜੇਆਣਾ ਤੇ ਜੀਵਨ ਸਿੰਘ ਸਰਾਂ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿੱਚ ਜ਼ਮਾਨਤ ਦੀ ਅਰਜ਼ੀ ਲਾਈ ਹੈ, ਜਿਸ ਉੱਪਰ 10 ਅਕਤੂਬਰ ਨੂੰ ਵਧੀਕ ਸੈਸ਼ਨ ਜੱਜ ਰਾਮ ਕੁਮਾਰ ਸਿੰਗਲਾ ਦੀ ਅਦਾਲਤ ਵਿੱਚ ਸੁਣਵਾਈ ਹੋਵੇਗੀ।

ਸੁਰਲ ਕਲਾਂ 'ਚ ਗੌਸ ਪਾਕ ਦਾ ਉਰਸ ਮਨਾਇਆ

ਰਾਜਪੁਰਾ (ਰਮੇਸ਼ ਕਟਾਰੀਆ)-ਰਾਜਪੁਰਾ ਦੇ ਪਿੰਡ ਸੁਰਲ ਕਲਾਂ ਵਿੱਚ ਗੌਸ ਪਾਕ ਪੀਰ ਜੀ ਦਾ ਉਰਸ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਆਮ ਆਦਮੀ ਪਾਰਟੀ ਮਿਨੋਰਿਟੀ ਵਿੰਗ ਜ਼ਿਲ੍ਹਾ ਪ੍ਰਧਾਨ ਤੇ ਬਲਾਕ ਪ੍ਰਧਾਨ ਇਸਲਾਮ ਅਲੀ ਵੱਲੋਂ ਹਾਜ਼ਰੀ ਲਗਵਾਈ ਗਈ। ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਭਿੰਦਰ ਸਿੰਘ ਜੀ ਵੱਲੋਂ ਕੱਵਾਲੀਆਂ ਦਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਭਵਿੰਦਰ ਸਿੰਘ ਜੀ ਵੱਲੋਂ ਪ੍ਰਧਾਨ ਇਸਲਾਮ ਅਲੀ ਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਚਾਹਲ, ਜਸਵਿੰਦਰ ਕੌਰ, ਸਰਕਲ ਪ੍ਰਧਾਨ ਦਵਿੰਦਰ ਸਿੰਘ ਰੰਗੀਆਂ, ਛਿੰਦਾ ਸਿੰਘ ਭੱਪਲ, ਜਿੰਦਰ ਸਿੰਘ ਭੱਪਲ, ਸਨਦੀਪ ਸਿੰਘ ਸੁਰਲ ਕਲਾਂ, ਨਰੇਸ਼ ਕੁਮਾਰ ਸੁਰਲ ਕਲਾਂ ਤੇ ਹੋਰ ਸਾਥੀ ਮੌਜੂਦ ਸਨ।

ਸਾਲਾਸਰ ਧਾਮ ਤੇ ਖਾਟੂ ਸ਼ਾਮ ਧਾਮ ਦੇ ਦਰਸ਼ਨਾਂ ਲਈ ਬੱਸ ਰਵਾਨਾ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਸੰਗਤ ਮੰਡੀ ਦੇ ਸੰਗਤ ਸੇਵਾ ਸੰਘ ਦੇ ਸੇਵਕ ਟਿੰਕੂ ਬਾਂਸਲ ਦੀ ਅਗਵਾਹੀ ਵਿੱਚ ਸੰਗਤ ਮੰਡੀ ਤੋਂ ਸਾਲਾਸਰ ਧਾਮ ਤੇ ਖਾਟੂ ਸ਼ਾਮ ਧਾਮ ਦਰਸ਼ਨਾਂ ਲਈ 16ਵੀਂ ਏ ਸੀ ਬੱਸ ਰਵਾਨਾ ਹੋਈ। ਇਸ ਬਸ ਨੂੰ ਓਮ ਪ੍ਰਕਾਸ਼ ਮਿੱਤਲ ਵੱਲੋਂ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਬੱਸ ਵਿੱਚ 60 ਯਾਤਰੀ ਸਾਲਾਸਰ ਧਾਮ ਤੇ ਖਾਟੂ ਸ਼ਾਮ ਧਾਮ ਦੇ ਦਰਸ਼ਨਾਂ ਲਈ ਜਾ ਰਹੇ ਹਨ। ਇਸ ਬਸ ਦੀ 9 ਅਕਤੂਬਰ ਨੂੰ ਸਵੇਰੇ ਸੰਗਤ ਮੰਡੀ ਵਿੱਚ ਵਾਪਸੀ ਹੋਵੇਗੀ। ਇਹ ਜਾਣਕਾਰੀ ਸੰਗਤ ਸੇਵਾ ਸੰਘ ਦੇ ਸੇਵਕ ਟਿੰਕੂ ਬਾਂਸਲ ਨੇ ਪੱਤਰਕਾਰਾਂ ਨੂੰ ਦਿੱਤੀ। ਇਲਾਕਾ ਨਿਵਾਸੀਆਂ ਦੇ ਸਹਯੋਗ ਨਾਲ ਹਰ ਮਹੀਨੇ ਕਿਸੇ ਨਾ ਕਿਸੇ ਤੀਰਥ ਅਸਥਾਨ 'ਤੇ ਸ਼ਰਧਾਲੂਆਂ ਨੂੰ ਦਰਸ਼ਨ ਕਰਵਾਉਣ ਲਈ ਬੱਸ ਲੈ ਕੇ ਜਾਂਦਾ ਹੈ। ਇਸ ਮੌਕੇ ਟਿੰਕੂ ਬਾਂਸਲ, ਵਿਜੇ ਕੁਮਾਰ ਬਾਂਸਲ, ਕਾਕਾ ਹਲਵਾਈ, ਮੁਕੇਸ਼ ਅਰੋੜਾ, ਸੋਮ ਗੋਇਲ, ਪ੍ਰੇਮ ਗੁਪਤਾ ਤੋਂ ਇਲਾਵਾ ਸੰਗਤ ਮੰਡੀ ਤੋਂ ਕਈ ਸ਼ਰਧਾਲੂ ਹਾਜ਼ਰ ਸਨ।

ਸੈਂਟਰ ਪੱਧਰੀ ਖੇਡਾਂ 'ਚ 12 ਸਕੂਲਾਂ ਦੇ ਖਿਡਾਰੀਆਂ ਨੇ ਭਾਗ ਲਿਆ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਸੈਂਟਰ ਮਹਿਲ ਕਲਾਂ ਦੀਆਂ ਸੈਂਟਰ ਪੱਧਰੀ ਖੇਡਾਂ ਸਰਕਾਰੀ ਪ੍ਰਾਇਮਰੀ ਸਕੂਲ ਮਹਿਲ ਖੁਰਦ ਵਿਖੇ ਕਰਾਈਆਂ ਗਈਆਂ। ਖੇਡਾਂ ਦਾ ਉਦਘਾਟਨ ਬੀ.ਪੀ.ਈ.ਓ ਮਹਿਲ ਕਲਾਂ ਗੁਰਦੀਪ ਸਿੰਘ ਤੇ ਕੁਲਦੀਪ ਸਿੰਘ ਕਮਲ ਹੈੱਡਮਾਸਟਰ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਨੇ ਕੀਤਾ। ਸੈਂਟਰ ਹੈੱਡ ਟੀਚਰ ਸ੍ਰੀਮਤੀ ਸ਼ਿੰਦਰ ਕੌਰ ਨੇ ਹਾਜ਼ਰੀਨ ਨੂੰ ਜੀ ਆਇਆਂ ਨੂੰ ਆਖਿਆ। ਇਸ ਮੌਕੇ ਗਿਆਰਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਤੋਂ ਇਲਾਵਾ ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਸਮੇਤ ਕੁੱਲ 12 ਸਕੂਲਾਂ ਦੇ ਹੋਣਹਾਰ ਖਿਡਾਰੀਆਂ ਨੇ ਭਾਗ ਲਿਆ, ਜਿਸ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਮਹਿਲ ਕਲਾਂ ਨੇ ਕਬੱਡੀ ਨੈਸ਼ਨਲ ਮੁੰਡੇ ਅਤੇ ਕੁੜੀਆਂ ਦੋਵਾਂ ਵਿੱਚ ਪਹਿਲਾ ਸਥਾਨ ਤੇ ਸਪਸ ਖਿਆਲੀ (ਕਬੱਡੀ ਮੁੰਡੇ) ਤੇ ਸਪਸ ਸਹਿਜੜਾ (ਕਬੱਡੀ ਕੁੜੀਆਂ) ਨੇ ਦੂਜਾ ਸਥਾਨ ਹਾਸਲ ਕੀਤਾ। ਕੁਸ਼ਤੀ ਦੇ ਮੁਕਾਬਲਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਗੰਗੋਹਰ ਦੀ ਝੰਡੀ ਰਹੀ, ਜਿਨ੍ਹਾਂ ਨੇ ਕੁਸ਼ਤੀ 25 ਕਿੱਲੋ, 28 ਕਿੱਲੋ ਤੇ 30 ਕਿਲੋ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਕਬੱਡੀ ਪੰਜਾਬ ਸਟਾਈਲ ਵਿੱਚ ਪਹਿਲਾ ਸਥਾਨ ਸਪਸ ਗੰਗੋਹਰ ਤੇ ਦੂਜਾ ਸਥਾਨ ਸਪਸ ਕ੍ਰਿਪਾਲ ਸਿੰਘ ਵਾਲਾ ਨੇ ਹਾਸਲ ਕੀਤਾ, ਸ਼ਤਰੰਜ ਮੁਕਾਬਲਿਆਂ ਵਿੱਚ

■ ਓਵਰਆਲ ਟਰਾਫ਼ੀ ਨਿਹਾਲੂਵਾਲ ਦੀ ਟੀਮ ਨੇ ਜਿੱਤੀ

ਸਪਸ ਨਿਹਾਲੂਵਾਲ ਦੇ ਮੁੰਡੇ ਅਤੇ ਕੁੜੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਖੋ-ਖੋ ਮੁੰਡੇ ਵਿੱਚ ਪਹਿਲਾ ਸਥਾਨ ਸਪਸ ਨਿਹਾਲੂਵਾਲ ਨੇ ਜਿੱਤਿਆ, ਜਦਕਿ ਖੋ-ਖੋ ਕੁੜੀਆਂ ਦਾ ਮੁਕਾਬਲਾ ਸਪਸ ਮਹਿਲ ਖੁਰਦ ਨੇ ਜਿੱਤਿਆ। ਬੈਡਮਿੰਟਨ ਮੁਕਬਲੇ ਕੁੜੀਆਂ ਡਬਲ ਵਿੱਚ ਸਪਸ ਨਿਹਾਲੂਵਾਲ, ਜਦਕਿ ਕੁੜੀਆਂ ਸਿੰਗਲ ਵਿੱਚ ਸਪਸ ਮਹਿਲ ਕਲਾਂ ਨੇ ਜਿੱਤ ਦਰਜ ਕੀਤੀ, ਬੈਡਮਿੰਟਨ ਲੜਕੇ ਡਬਲ ਤੇ ਸਿੰਗਲ ਵਿੱਚ ਗੁਰਪ੍ਰੀਤ ਹੋਲੀ ਹਾਰਟ ਦੇ ਵਿਦਿਆਰਥੀ ਪਹਿਲੇ ਸਥਾਨ 'ਤੇ ਕਾਬਜ਼ ਰਹੇ, ਰੱਸਾਕਸ਼ੀ ਦੇ ਮੁਕਾਬਲੇ ਵਿੱਚ ਸਪਸ ਮਹਿਲ ਕਲਾਂ ਨੇ ਪਹਿਲਾ ਤੇ ਸਪਸ ਸਹੌਰ ਨੇ ਦੂਜਾ ਸਥਾਨ ਹਾਸਲ ਕੀਤਾ, ਅਥਲੈਟਿਕਸ ਮੁਕਾਬਲਿਆਂ ਵਿੱਚ 100 ਮੀਟਰ ਮੁੰਡੇ ਵਿੱਚ ਨਿਹਾਲੂਵਾਲ, 100 ਮੀਟਰ ਕੁੜੀਆਂ ਸਪਸ ਸਹੌਰ, 200 ਮੀਟਰ ਮੁੰਡੇ ਤੇ ਕੁੜੀਆਂ ਵਿੱਚ ਕ੍ਰਿਪਾਲ ਸਿੰਘ ਵਾਲਾ, 400 ਮੀਟਰ ਮੁੰਡੇ ਸਪਸ ਨਿਹਾਲੂਵਾਲ ਅਤੇ ਕੁੜੀਆਂ ਵਿੱਚ ਸਪਸ ਮਹਿਲ ਕਲਾਂ, 600 ਮੀਟਰ ਮੁੰਡੇ ਸਪਸ ਗੰਗੋਹਰ ਅਤੇ ਕੁੜੀਆਂ ਸਪਸ ਮਹਿਲ ਖੁਰਦ, ਰਿਲੇਅ ਰੇਸ ਮੁੰਡੇ ਨਿਹਾਲੂਵਾਲ ਤੇ ਕੁੜੀਆਂ ਸਪਸ ਮਹਿਲ ਖੁਰਦ, ਲੰਬੀ ਛਾਲ ਮੁੰਡੇ ਸਪਸ ਨਿਹਾਲੂਵਾਲ ਅਤੇ ਕੁੜੀਆਂ ਸਪਸ ਮਹਿਲ ਕਲਾਂ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦੋਂ ਕਿ ਸ਼ਾਟਪੁੱਟ ਦੇ ਮੁਕਾਬਲੇ ਵਿੱਚ ਗੁਰਪ੍ਰੀਤ ਹੋਲੀ ਹਾਰਟ ਸਕੂਲ ਮਹਿਲ ਕਲਾਂ ਦੇ ਮੁੰਡੇ ਤੇ ਕੁੜੀਆਂ ਪਹਿਲੇ ਸਥਾਨ 'ਤੇ ਕਾਬਜ਼ ਰਹੇ। ਸਾਰੇ ਮੁਕਾਬਲਿਆਂ ਵਿੱਚ ਸਭ ਤੋਂ ਵੱਧ ਅੱਠ ਗੋਲਡ ਮੈਡਲ ਜਿੱਤ ਕੇ ਸਰਕਾਰੀ ਪ੍ਰਾਇਮਰੀ ਸਕੂਲ ਨਿਹਾਲੂਵਾਲ ਓਵਰਆਲ ਟਰਾਫੀ ਜਿੱਤਣ ਵਿੱਚ ਸਫ਼ਲ ਰਿਹਾ। ਇਸੇ ਸਕੂਲ ਨਿਹਾਲੂਵਾਲ ਦਾ ਖਿਡਾਰੀ ਧਰਮਪ੍ਰੀਤ ਸਿੰਘ ਚਾਰ ਗੋਲਡ ਮੈਡਲ ਜਿੱਤ ਕੇ ਬੈਸਟ ਅਥਲੀਟ ਚੁਣਿਆ ਗਿਆ। ਮਾਸਟਰ ਜਗਰਾਜ ਸਿੰਘ ਭੱਠਲ ਵੱਲੋਂ ਸਾਰੇ ਬੱਚਿਆਂ ਲਈ ਰਿਫ਼ਰੈਸ਼ਮੈਂਟ ਦੇ ਤੌਰ 'ਤੇ ਫ਼ਰੂਟ ਮੁਹੱਈਆ ਕਰਾਇਆ ਗਿਆ। ਡੀ.ਪੀ.ਈ ਬਾਬੂ ਸਿੰਘ ਤੇ ਰੇਸ਼ਮ ਸਿੰਘ ਦੱਧਾਹੂਰ ਨੇ ਰੈਫਰੀ ਦੀਆਂ ਸੇਵਾਵਾਂ ਨਿਭਾਈਆਂ। ਗੁਰਤੇਜ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਅਖੀਰ ਵਿੱਚ ਹੈ

10-Oct-PAGE-8.qxd 10/9/2023 10:36 PM Page 1

ਕਿਰਤੀ ਕਿਸਾਨ ਯੂਨੀਅਨ ਵੱਲੋਂ ਕੇਂਦਰ ਸਰਕਾਰ ਵਿਰੁੱਧ ਅਰਥੀ ਫੂਕ ਮੁਜ਼ਾਹਰਾ

ਨਵਾਂਸ਼ਹਿਰ (ਮਨੋਜ ਲਾਡੀ, ਦੁਰਗਾਪੁਰੀਆ) ਕਿਰਤੀ ਕਿਸਾਨ ਯੂਨੀਅਨ ਅਤੇ ਭਰਾਤਰੀ ਜਥੇਬੰਦੀਆਂ ਵਲੋਂ ਐਸ .ਵਾਈ.ਐਲ ਨਹਿਰ ਦੇ ਮੁੱਦੇ ਉੱਤੇ ਸ਼ਹਿਰ ਵਿਚ ਮੁਜਾਹਰਾ ਕਰਕੇ ਸਥਾਨਕ ਚੰਡੀਗੜ੍ਹ ਚੌਂਕ ਵਿਚ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਅਤੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਨੇ ਕਿਹਾ ਕਿ ਅੰਤਰਰਾਸ਼ਟਰੀ ਕਾਨੂੰਨਾਂ ਅਨੁਸਾਰ ਪੰਜਾਬ ਦੇ ਦਰਿਆਵਾਂ ਉੱਤੇ ਪੰਜਾਬ ਦਾ ਹੱਕ ਹੈ। ਅੰਤਰਰਾਸ਼ਟਰੀ ਕਾਨੂੰਨਾਂ ਅਨੁਸਾਰ ਜਿਸ ਖਿੱਤੇ ਵਿਚੋਂ ਦਰਿਆ ਲੰਘਦੇ ਹਨ ਉਹਨਾਂ ਉੱਤੇ ਉਸ ਖਿੱਤੇ ਦੇ ਲੋਕਾਂ ਦਾ ਪਹਿਲਾ ਹੱਕ ਹੁੰਦਾ ਹੈ। ਪਰ ਸੁਪਰੀਮ ਕੋਰਟ ਦਾ ਫੈਸਲਾ ਤਰਕਹੀਣ ਅਤੇ ਨਾ ਮੰਨਣਯੋਗ ਹੈ। ਕੇਂਦਰ ਸਰਕਾਰ ਇਸ ਮਸਲੇ ਨੂੰ ਹੋਰ ਵੀ ਉਲਝਾ ਰਹੀ ਹੈ। ਸੂਬੇ ਦੀਆਂ ਬਦਲ ਬਦਲ ਆਈਆਂ ਸਰਕਾਰਾਂ ਨੇ ਇਸ ਉੱਤੇ ਸੌੜੀ ਸਿਆਸਤ ਹੀ ਕੀਤੀ ਹੈ। ਆਪ ਦੀ ਮੌਜੂਦਾ ਮਾਨ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗੂੰ ਇਸ ਮਸਲੇ ਨੂੰ ਪੰਜਾਬ ਦੇ ਹਿੱਤਾਂ ਨੂੰ ਧਿਆਨ ਵਿਚ ਨਾ ਰੱਖਕੇ ਗੰਭੀਰਤਾ ਨਾਲ ਲੈਣ ਦੀ ਥਾਂ ਸਿਆਸੀ ਗਿਣਤੀਆਂ ਮਿਣਤੀਆਂ ਰਾਹੀਂ ਸਹੀ ਸਟੈਂਡ ਨਹੀਂ ਲੈ ਰਹੀ। ਸਵਾਲ ਪਾਣੀ ਦੇ ਮੁਲੰਕਣ ਕਰਨ ਦਾ ਨਹੀਂ ਸਗੋਂ ਮਾਲਕੀ ਦੇ ਹੱਕ ਦਾ ਹੈ। ਉਹਨਾਂ ਚੇਤਾਵਨੀ ਦਿੱਤੀ ਕਿ ਜੇਕਰ ਕੇਂਦਰ ਦੀ ਕੋਈ ਟੀਮ ਸਰਵੇ ਕਰਨ ਪੰਜਾਬ ਆਉਂਦੀ ਹੈ ਤਾਂ ਉਹਨਾਂ ਦੀ ਯੂਨੀਅਨ ਟੀਮ ਦਾ ਡੱਟਵਾਂ ਵਿਰੋਧ ਕਰੇਗੀ। ਕਿਸੇ ਵੀ ਕੀਮਤ ਉੱਤੇ ਐਸ ਵਾਈ ਐਲ ਨਹਿਰ ਨਹੀਂ ਬਣਨ ਦਿੱਤੀ ਜਾਵੇਗੀ। ਇਫਟੂ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਕਿਹਾ ਕਿ ਪੰਜਾਬ ਕੋਲ ਹੋਰ ਸੂਬਿਆਂ ਨੂੰ ਦੇਣ ਲਈ ਪਾਣੀ ਨਹੀਂ ਹੈ। ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ। ਰਿਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਦੇ ਪਾਣੀਆਂ ਉੱਤੇ ਪੰਜਾਬ ਦਾ ਹੱਕ ਹੈ ਨਾ ਕਿ ਰਾਜਸਥਾਨ ਅਤੇ ਹਰਿਆਣਾ ਦਾ। ਪੰਜਾਬ ਦਾ 53 ਫੀਸਦੀ ਪਾਣੀ ਪਹਿਲਾਂ ਹੀ ਧੱਕੇ ਨਾਲ ਮੁਫਤ ਵਿਚ ਦਿੱਤਾ ਜਾ ਰਿਹਾ ਹੈ। ਜੇਕਰ ਪੰਜਾਬ ਦਾ ਹੋਰ ਪਾਣੀ ਦੂਜੇ ਸੂਬਿਆਂ ਨੂੰ ਦਿੱਤਾ ਜਾਂਦਾ ਹੈ ਤਾਂ ਪੰਜਾਬ ਦੀ ਉਪਜਾਊ ਧਰਤੀ ਬੰਜਰ ਬਣ ਜਾਵੇਗੀ।ਪੰਜਾਬ ਦੀ ਮੁੱਖ ਆਰਥਿਕਤਾ ਖੇਤੀ ਹੈ ਜਿਸ ਨਾਲ ਹੋਰ ਬਹੁਤ ਸਾਰੇ ਕੰਮ-ਧੰਦੇ ਚੱਲਦੇ ਹਨ।ਖੇਤੀ ਦਾ ਸੰਕਟ ਹੋਰ ਕੰਮਾਂ ਕਾਰਾਂ ਉੱਤੇ ਨਾਂਹ ਪੱਖੀ ਪ੍ਰਭਾਵ ਪਾਵੇਗਾ। ਮਜਦੂਰ ਵਰਗ ਲਈ ਵੀ ਵੱਡਾ ਸੰਕਟ ਖੜ ਜਾਵੇਗਾ। ਇਸ ਲਈ ਇਫਟੂ ਇਸ ਮੁੱਦੇ ਉੱਤੇ ਪੂਰੀ ਤਰ੍ਹਾਂ ਕਿਰਤੀ ਕਿਸਾਨ ਯੂਨੀਅਨ ਦੇ ਨਾਲ ਖੜੀ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਹੈੱਡਵਰਕਸਾਂ ਦਾ ਅਧਿਕਾਰ ਪੰਜਾਬ ਨੂੰ ਸੌਂਪਿਆ ਜਾਵੇ। ਬੁਲਾਰਿਆਂ ਨੇ ਨਿਊਜ਼ ਵੈੱਬ ਪੋਰਟਲ 'ਨਿਊਜ਼ ਕਲਿੱਕ' ਦੇ ਦਫਤਰ ਅਤੇ ਇਸਦੇ ਪੱਤਰਕਾਰਾਂ ਦੇ ਘਰਾਂ ਉੱਤੇ ਈ ਡੀ ਵਲੋਂ ਮਾਰੇ ਗਏ ਛਾਪਿਆਂ ਦੀ ਨਿੰਦਾ ਕਰਦਿਆਂ ਇਸਨੂੰ ਮੋਦੀ ਸਰਕਾਰ ਦਾ ਪ੍ਰੈਸ ਦੀ ਆਜਾਦੀ ਉੱਤੇ ਫਾਸ਼ੀ ਹਮਲਾ ਕਰਾਰ ਦਿੱਤਾ। ਉਹਨਾਂ ਕਿਹਾ ਕਿ ਮੋਦੀ ਸਰਕਾਰ ਪ੍ਰੈਸ ਦੀ ਆਜਾਦੀ ਉੱਤੇ ਹਮਲੇ ਕਰਕੇ ਜਮਹੂਰੀਅਤ ਦਾ ਗਲਾ ਘੁੱਟ ਰਹੀ ਹੈ। ਇਸ ਮੌਕੇ ਪਰਮਜੀਤ ਸਿੰਘ ਸ਼ਹਾਬ ਪੁਰ,ਮੱਖਣ ਸਿੰਘ ਭਾਨ ਮਜਾਰਾ ,ਗੁਰਬਖਸ਼ ਕੌਰ ਸੰਘਾ ਨੇ ਵੀ ਸੰਬੋਧਨ ਕੀਤਾ।

'ਪੰਜਾਬ 'ਚੋਂ ਲੰਘਦੇ ਪਾਣੀਆ 'ਤੇ ਪੰਜਾਬ ਦਾ ਹੱਕ'

ਨੂਰਮਹਿਲ (ਬਾਲ ਕ੍ਰਿਸਨ ਬਾਲੀ) ਕਿਰਤੀ ਕਿਸਾਨ ਯੂਨੀਅਨ ਦੀ ਸੂਬਾ ਕਮੇਟੀ ਦੇ ਸੱਦੇ 'ਤੇ ਐਸ ਵਾਈ ਐੱਲ ਨਹਿਰ ਦੀ ਉਸਾਰੀ ਅਤੇ ਨਿਊਜ਼ਕਲਿੱਕ ਨੂੰ ਦਬਾਉਣ ਵਰਗੇ ਧੱਕੇ ਖਿਲਾਫ ਤਹਿਸੀਲ ਕੇਂਦਰ ਫਿਲੌਰ ਵਿਖੇ ਧਰਨਾ ਦੇਣ ਉਪਰੰਤ ਮੰਗ ਪੱਤਰ ਤਹਿਸੀਲਦਾਰ ਫਿਲੌਰ ਨੂੰ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਸਕੱਤਰ ਗੁਰਕਮਲ ਸਿੰਘ ਨੇ ਦੱਸਿਆ ਕਿ ਇਸ ਨਹਿਰ ਦੇ ਮੁੱਦੇ ਤੇ ਪਹਿਲਾ ਹੀ ਪੰਜਾਬੀਆਂ ਨੇ ਲੰਮਾ ਸਮਾਂ ਸੰਤਾਪ ਭੋਗਿਆ ਹੈ ਰਿਪੇਰੀਅਨ ਕਾਨੂੰਨ ਦੇ ਤਹਿਤ ਇਸ ਨਹਿਰ ਦੀ ਉਸਾਰੀ ਕੀਤੀ ਨਹੀਂ ਜਾ ਸਕਦੀ ਪੰਜਾਬ ਵਿੱਚੋਂ ਲੰਘਦੇ ਪਾਣੀਆ 'ਤੇ ਪੰਜਾਬ ਦਾ ਹੱਕ ਹੈ ਅਗਰ ਸਰਕਾਰ ਇਹ ਖੁਦਾਈ ਸ਼ੁਰੂ ਕਰੇਗੀ ਤਾਂ ਕਿਰਤੀ ਕਿਸਾਨ ਯੂਨੀਅਨ ਸਰਵੇ ਟੀਮਾਂ ਦਾ ਵਿਰੋਧ ਕਰੇਗੀ। ਨਿਊਜ਼ਕਲਿੱਕ 'ਤੇ ਕੀਤੇ ਜਾ ਰਹੇ ਧੱਕੇ ਨੂੰ ਕਦੇ ਬਰਦਾਸਤ ਨਹੀਂ ਕੀਤਾ ਜਾਵੇਗਾ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਆਗੂ ਗੁਰਨਾਮ ਸਿੰਘ ਤੱਗੜ, ਮੱਖਣ ਸਿੰਘ ਕੰਦੋਲਾ, ਤਰਪ੍ਰੀਤ ਸਿੰਘ ਉੱਪਲ, ਸੁਰਿੰਦਰ ਸਿੰਘ ਕੰਦੋਲਾ, ਹਰਦੀਪ ਸਿੰਘ ਉੱਪਲ ਭੂਪਾ ਨੇ ਸੰਬੋਧਨ ਕੀਤਾ।

ਐੱਲ ਪੀ ਯੂ ਦੇ 22 ਫੈਕਲਟੀ ਮੈਂਬਰਾਂ ਨੂੰ ਵਿਸ਼ਵ ਦੇ ਚੋਟੀ ਦੇ 2 ਫੀਸਦੀ ਵਿਗਿਆਨੀਆਂ 'ਚ ਮਾਨਤਾ

ਜਲੰਧਰ (ਸ਼ੈਲੀ ਐਲਬਰਟ) -ਸੰਯੁਕਤ ਰਾਜ ਦੀ ਗਲੋਬਲ ਰੈਂਕਿੰਗ ਵਾਲੀ ਸਟੈਨਫੋਰਡ ਯੂਨੀਵਰਸਿਟੀ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ 22 ਫੈਕਲਟੀ-ਮੈਂਬਰਾਂ ਨੂੰ ਦੁਨੀਆ ਦੇ ਚੋਟੀ ਦੇ 2 ਫੀਸਦੀ ਵਿਗਿਆਨੀਆਂ 'ਚ ਸ਼ਾਮਲ ਕੀਤਾ ਹੈ। ਇਹ ਐਲਾਨ ਇੱਕ ਗਲੋਬਲ ਸੂਚੀ 'ਚ ਕੀਤਾ ਗਿਆ। ਇਨ੍ਹਾਂ ਸਾਰਿਆਂ ਨੇ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਗਿਆਨੀ ਹੋਣ ਦਾ ਦੁਰਲੱਭ ਗਲੋਬਲ ਮਾਣ ਹਾਸਲ ਕੀਤਾ ਹੈ। ਇਹ ਸੂਚੀ ਪਿਛਲੇ ਸਾਲ ਵਿਗਿਆਨੀਆਂ ਦੇ ਅਕਾਦਮਿਕ ਪ੍ਰਭਾਵ 'ਤੇ ਕੇਂਦਰਿਤ ਹੈ। ਇਸ ਨੂੰ ਦੁਨੀਆ ਭਰ ਵਿੱਚ ਸਭ ਤੋਂ ਵੱਕਾਰੀ ਮੰਨਿਆ ਜਾਂਦਾ ਹੈ। ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਰਾਜ ਸਭਾ ਦੇ ਸੰਸਦ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਉਨ੍ਹਾਂ ਸਾਰਿਆਂ, ਜੋ ਆਪਣੇ-ਆਪਣੇ ਖੇਤਰਾਂ 'ਚ ਵਿਸ਼ਵ ਦੇ ਚੋਟੀ ਦੇ ਵਿਗਿਆਨੀਆਂ 'ਚ ਸ਼ਾਮਲ ਹਨ, ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਵਧਾਈ ਦਿੱਤੀ।

ਇਸ ਉੱਚ-ਪ੍ਰਸੰਸਾਯੋਗ ਸੂਚੀ 'ਚ ਸ਼ਾਮਲ ਐਲ ਪੀ ਯੂ ਦੇ ਵਿਗਿਆਨੀ ਹਨ, ਪ੍ਰੋਫੈਸਰ ਡਾ. ਚੰਦਰ ਪ੍ਰਕਾਸ਼ (ਸਮੱਗਰੀ), ਨਵਜੀਤ ਕੌਰ (ਆਰਗੈਨਿਕ ਕੈਮਿਸਟਰੀ), ਧ੍ਰਿਤੀ ਕਪੂਰ (ਪਲਾਂਟ ਜੀਵ ਵਿਗਿਆਨ ਅਤੇ ਬਨਸਪਤੀ ਵਿਗਿਆਨ), ਜੋਗਿੰਦਰ ਸਿੰਘ (ਵਾਤਾਵਰਣ ਵਿਗਿਆਨ), ਵਿਜੇ ਮਿਸ਼ਰਾ (ਫਾਰਮਾਕੋਲੋਜੀ ਅਤੇ ਫਾਰਮੇਸੀ), ਪ੍ਰਣਵ ਕੇ. ਪ੍ਰਭਾਕਰ (ਮੈਡੀਸਨਲ ਅਤੇ ਬਾਇਓ-ਮੌਲੀਕਿਊਲਰ ਕੈਮਿਸਟਰੀ), ਗੁਰਸ਼ਰਨ ਸਿੰਘ (ਬਾਇਓਟੈਕਨਾਲੋਜੀ), ਰਵਿੰਦਰ ਜਿਲਤੇ (ਮਕੈਨੀਕਲ ਇੰਜੀਨੀਅਰਿੰਗ ਅਤੇ ਟ੍ਰਾਂਸਪੋਰਟ), ਕੋਮਲ ਅਗਰਵਾਲ (ਬਾਇਓਟੈਕਨਾਲੋਜੀ), ਪੁਸ਼ਪਿੰਦਰ ਸਿੰਘ (ਆਰਟੀਫੀਸੀਅਲ ਇੰਟੈਲੀਜੈਂਸ ਐਂਡ ਇਮੇਜ ਪ੍ਰੋਸੈਸਿੰਗ), ਹਿਤੇਸ਼ ਵਾਸੁਦੇਵ (ਸਮੱਗਰੀ), ਗੁਲਸ਼ਨ ਕੁਮਾਰ (ਨੈੱਟਵਰਕਿੰਗ ਅਤੇ ਦੂਰਸੰਚਾਰ), ਅਖਿਲ ਗੁਪਤਾ (ਨੈੱਟਵਰਕਿੰਗ ਅਤੇ ਦੂਰਸੰਚਾਰ), ਸਚਿਨ ਕੁਮਾਰ ਸਿੰਘ (ਫਾਰਮਾਕੋਲੋਜੀ ਅਤੇ ਫਾਰਮੇਸੀ), ਦੀਪਕ ਕੁਮਾਰ (ਮੈਡੀਸਨਲ ਅਤੇ ਬਾਇਓ-ਮੌਲੀਕਿਊਲਰ ਕੈਮਿਸਟਰੀ), ਮੋਨਿਕਾ ਗੁਲਾਟੀ (ਫਾਰਮਾਕੋਲੋਜੀ ਅਤੇ ਫਾਰਮੇਸੀ), ਸੌਰਭ ਸਤੀਜਾ (ਮੈਡੀਸਨਲ ਅਤੇ ਬਾਇਓ-ਮੌਲੀਕਿਊਲਰ ਕੈਮਿਸਟਰੀ), ਰੂਬੀਆ ਖੁਰਸੀਦ (ਫਾਰਮਾਕੋਲੋਜੀ ਅਤੇ ਫਾਰਮੇਸੀ), ਮਾਨਿਕ ਰੱਖੜਾ (ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਇਮੇਜ ਪ੍ਰੋਸੈਸਿੰਗ), ਪ੍ਰਵੀਨ ਕੁਮਾਰ ਸ਼ਰਮਾ (ਮੈਡੀਸਨਲ ਅਤੇ ਬਾਇਓ-ਮੌਲੀਕਿਊਲਰ ਕੈਮਿਸਟਰੀ) ਅਤੇ ਨਵੀਨ ਗੁਪਤਾ (ਆਪਟੋਇਲੈਕਟ੍ਰੋਨਿਕਸ ਅਤੇ ਫੋਟੋਨਿਕਸ)।

ਸਰਕਾਰੀ ਹਸਪਤਾਲ ਦੀ ਖਸਤਾ ਹਾਲਤ ਨੂੰ ਠੀਕ ਕਰਨ ਸੰਬੰਧੀ ਦਿੱਤਾ ਮੰਗ ਪੱਤਰ

ਮਹਿਤਪੁਰ (ਰਾਜਾ) ਨਗਰ ਮਹਿਤਪੁਰ ਦੇ ਵਸਨੀਕਾਂ ਨੇ ਨਗਰ ਪੰਚਾਇਤ ਮਹਿਤਪੁਰ ਦੇ ਕਾਰਜ ਸਾਧਕ ਅਫਸਰ ਦੇ ਨਾਂਅ ਪ੍ਰਧਾਨ ਰਮੇਸ਼ ਮਹੇ ਅਤੇ ਐਸ ਡੀ ਐਮ ਨਕੋਦਰ ਦੇ ਨਾਂਅ ਨਾਇਬ ਤਹਿਸੀਲਦਾਰ ਮਹਿਤਪੁਰ ਨੂੰ ਮੰਗ ਪੱਤਰ ਦੇ ਰੂਪ ਵਿੱਚ ਮੰਗ ਕੀਤੀ ਕਿ ਮਹਿਤਪੁਰ ਦੇ ਸਰਕਾਰੀ ਹਸਪਤਾਲ ਦੀ ਖਸਤਾ ਹਾਲਤ ਨੂੰ ਠੀਕ ਕਰਨ ਅਤੇ ਸਰਕਾਰੀ ਹਸਪਤਾਲ ਨੂੰ ਜਾਂਦੇ ਰਸਤੇ ਨੂੰ ਪੱਕਾ ਕੀਤਾ ਜਾਵੇ। ਮੌਜੂਦਾ ਮੰਗ ਪੱਤਰ ਦੇਣ ਵਾਲਿਆਂ ਵਸਨੀਕਾਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਬਲਾਕ ਮਹਿਤਪੁਰ ਦੇ ਤਕਰੀਬਨ 135 ਪਿੰਡਾਂ ਨੂੰ ਮਹਿਤਪੁਰ ਦਾ ਸਰਕਾਰੀ ਹਸਪਤਾਲ ਲੱਗਦਾ ਹੈ ਜਿਸ ਦੀ ਹਾਲਤ ਕਾਫੀ ਸਮੇਂ ਤੋਂ ਨਾਜੁਕ ਬਣੀ ਹੋਈ ਹੈ ਅਤੇ ਜੋ ਸਰਕਾਰੀ ਹਸਪਤਾਲ ਨੂੰ ਰਸਤਾ ਜਾਂਦਾ ਹੈ ਕਾਫੀ ਨੀਵਾਂ ਰਸਤਾ ਅਤੇ ਇਕ ਪਾਸੇ ਗੰਦਾ ਨਾਲਾ ਹੈ ਜਿਸ ਕਾਰਨ ਨਾਲੇ ਦਾ ਸਾਰਾ ਗੰਦਾ ਪਾਣੀ ਰਸਤੇ 'ਚ ਆ ਜਾਂਦਾ ਹੈ ਅਤੇ ਸਾਰਾ ਰਸਤਾ ਬੰਦ ਹੋ ਜਾਂਦਾ ਹੈ ਅਤੇ ਲੋਕ ਬਹੁਤ ਪ੍ਰੇਸ਼ਾਨ ਹੁੰਦੇ ਹਨ।

ਹਸਪਤਾਲ ਦੀ ਖਸਤਾ ਹਾਲਤ ਨੂੰ ਸਹੀ ਕੀਤਾ ਜਾਵੇ ਅਤੇ ਰਸਤੇ ਨੂੰ ਵੀ ਜਲਦ ਤੋਂ ਜਲਦ ਠੀਕ ਕੀਤਾ ਜਾਵੇ। ਇਸ ਮੌਕੇ ਰਾਮ ਪ੍ਰਕਾਸ਼ ਭੰਡਾਰੀ, ਕੰਵਰ ਸੰਧੂ, ਕਮਲ ਹੀਰ, ਟੋਨੀ ਅਨੇਜਾ, ਵਿਨੋਦ ਸ਼ਰਮਾ, ਰਜਿੰਦਰ ਵਰਮਾ, ਰਾਜਾ ਸੇਤੀਆ, ਵਿਨੋਦ ਵਰਮਾ, ਓਮ ਪ੍ਰਕਾਸ਼ ਆਦਿ ਹਾਜ਼ਰ ਸਨ।

ਪ੍ਰੈੱਸ ਕਲੱਬ ਗਲੋਬਲ ਪੰਜਾਬ ਦਾ ਗਠਨ, ਸਿੱਧੂ ਪੰਜਾਬ ਪ੍ਰਧਾਨ ਨਿਯੁਕਤ

ਆਦਮਪੁਰ (ਪਰਮਜੀਤ ਸਿੰਘ)— ਇਥੇ ਪੱਤਰਕਾਰਾਂ ਦੀ ਇੱਕ ਅਹਿਮ ਮੀਟਿੰਗ ਹੋਈ ਜਿਸ ਵਿੱਚ ਵੱਖ ਵੱਖ ਸ਼ਹਿਰਾਂ ਤੇ ਜ਼ਿਲ੍ਹੇ ਦੇ ਪੱਤਰਕਾਰਾਂ ਨੇ ਸ਼ਿਰਕਤ ਕੀਤੀ। ਸਮੂਹ ਪੱਤਰਕਾਰਾਂ ਦੀ ਸਹਿਮਤੀ ਨਾਲ ਪ੍ਰੈਸ ਕਲੱਬ ਗਲੋਬਲ ਪੰਜਾਬ ਦਾ ਗਠਨ ਕੀਤਾ ਗਿਆ ਜਿਸਦਾ ਰਣਦੀਪ ਕੁਮਾਰ ਸਿੱਧੂ ਨੂੰ ਪੰਜਾਬ ਪ੍ਰਧਾਨ ਨਯੁਕਤ ਕੀਤਾ ਗਿਆ। ਇਸ ਮੌਕੇ ਸੰਜੀਵ ਕੁਮਾਰ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਪ੍ਰਧਾਨ, ਜਗਤਾਰ ਸਿੰਘ ਭੁਗਰਨੀ ਚੇਅਰਮੈਨ ਗੁਰਨਾਮ ਸਿੰਘ ਗਾਮਾ ਸੀਨੀਅਰ ਮੀਤ ਪ੍ਰਧਾਨ,ਮਨਵੀਰ ਸਿੰਘ ਉਪ ਪ੍ਰਧਾਨ, ਹਨੀ ਪ੍ਰਧਾਨ ਕਿਸ਼ਨਗੜ੍ਹ, ਸਦਾਨੰਦ ਸਾਬੀ ਪ੍ਰਧਾਨ ਆਦਮਪੁਰ ਨਿਯੁਕਤ ਕੀਤੇ ਗਏ। ਇਸ ਮੌਕੇ ਹਰਪ੍ਰੀਤ ਸਿੰਘ, ਅਕਸ਼ੈਦੀਪ ਸ਼ਰਮਾ,ਜੋਗਰਾਜ ਸਿੰਘ ਦਿਓਲ,ਗੁਰਨਾਮ ਸਿੰਘ ਗਾਮਾ,ਪਰਮਜੀਤ ਸਿੰਘ, ਦਲਜੀਤ ਕਲਸੀ, ਰਾਜੀਵ ਸਿੰਗਲਾ,ਵਿਕਾਸ ਸਰਮਾ, ਰਾਜ ਕੁਮਾਰ ਰਾਜੂ ਭੋਗਪੁਰ , ਸੁਖਦੇਵ ਸਿੰਘ ਭੋਗਪੁਰ,ਗੁਰਦੀਪ ਸਿੰਘ ਕਿਸ਼ਨਗੜ੍ਹ,ਬਲਬੀਰ ਸਿੰਘ ਕਰਮ,ਪਰਮਜੀਤ ਸਿੰਘ ਆਦਮਪੁਰ ,ਐਡਵੋਕੇਟ ਹਰਪ੍ਰੀਤ ਸਿੰਘ, ਗੌਤਮ ਸਹੋਤਾ ਤੇ ਹੋਰ ਪੱਤਰਕਾਰ ਹਾਜਰ ਸਨ।

480 ਨਵੇਂ ਸ਼ੈਲਰਾਂ/ਮਿੱਲਾਂ ਨੂੰ ਖਰੀਦ ਸਕੀਮ 'ਚ ਕੀਤਾ ਸ਼ਾਮਲ : ਕਟਾਰੂ ਚੱਕ

ਬਹਿਰਾਮ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)-ਘਰੇਲੂ ਕਾਰੋਬਾਰੀਆਂ ਵਲੋਂ ਸੂਬੇ ਵਿੱਚ 480 ਨਵੇਂ ਸ਼ੈਲਰਾਂ/ਮਿੱਲਾਂ ਨੂੰ ਖਰੀਦ ਪ੍ਰਕ੍ਰਿਆ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਵਾਰ ਦਾ ਸੀਜਨ ਕਿਸਾਨਾਂ ਅਤੇ ਇਸ ਨਾਲ ਜੁੜੇ ਸਾਰੇ ਕਾਰੋਬਾਰੀਆਂ ਲਈ ਵਧੀਆ ਹੋਵੇਗਾ। ਜ਼ਿਲ੍ਹੇ ਵਿਚ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਅਨਾਜ ਮੰਡੀ ਬੰਗਾ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇਹ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਚਨਬੱਧ ਹੈ। ਇਸ ਮੰਤਵ ਨੂੰ ਹਾਸਲ ਕਰਨ ਲਈ ਪੰਜਾਬ ਸਰਕਾਰ ਪੜਾਅ ਵਾਰ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਇਸ ਦੌਰਾਨ ਉਨ੍ਹਾਂ ਮੰਡੀ ਵਿੱਚ ਪੀਣ ਵਾਲੇ ਪਾਣੀ ਅਤੇ ਸਾਫ ਸਫਾਈ ਦਾ ਵੀ ਜਾਇਜ਼ਾ ਲਿਆ ਅਤੇ ਮੌਕੇ ਉਤੇ ਅਫਸਰਾਂ ਨੂੰ ਮੁਢਲੇ ਪ੍ਰਬਧਾਂ ਦਾ ਇੰਤਜਾਮ ਕਰਨ ਦੀ ਹਿਦਾਇਤ ਦਿੱਤੀ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕੀ ਫਸਲ ਮੰਡੀਆਂ ਵਿੱਚ ਲੈਕੇ ਆਉਣ ਤੇ ਪਰਾਲੀ ਨੂੰ ਅੱਗ ਨਾ ਲਾਉਣ। ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨ ਇਸ ਖੇਤੀ ਪ੍ਰਧਾਨ ਸੂਬੇ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹਨ। ਪੰਜਾਬ ਸਰਕਾਰ ਵਲੋਂ ਝੋਨੇ ਦੀ ਖਰੀਦ ਦੇ ਲੋੜੀਂਦੇ ਪ੍ਰਬੰਧ ਸੁਚਾਰੂ ਹਨ ਅਤੇ ਪੰਜਾਬ ਸਰਕਾਰ ਵਲੋਂ ਝੋਨੇ ਦੀ ਫਸਲ ਦਾ ਇੱਕ-ਇੱਕ ਦਾਣਾ ਪਾਰਦਰਸ਼ਤਾ ਅਤੇ ਸੁਚਾਰੂ ਢੰਗ ਨਾਲ ਖਰੀਦ ਕੀਤਾ ਜਾ ਰਿਹਾ ਹੈ ਤੇ ਕਿਸਾਨਾਂ ਨੂੰ ਮੰਡੀਆਂ ਵਿਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਹਲ

10-Oct-PAGE-9.qxd 10/9/2023 10:35 PM Page 1

ਪੰਜਾਬ ਸਰਕਾਰ ਵਿਰੁੱਧ ਕਾਪੀਆਂ ਫੂਕ ਪ੍ਰਦਰਸ਼ਨ

ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ) ਬਿਲਡਿੰਗ ਉਸਾਰੀ ਨਾਲ ਸਬੰਧਤ ਮਿਸਤਰੀਆਂ ਤੇ ਮਜ਼ਦੂਰਾਂ ਦੀ ਜਥੇਬੰਦੀ ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਮੈਂਬਰਾਂ ਵੱਲੋਂ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਭੈਰੋਂ ਮਾਜਰਾ, ਜਰਨੈਲ ਸਿੰਘ ਜੈਲਾ ਅਤੇ ਗੁਲਾਬ ਚੰਦ ਚੌਹਾਨ ਦੀ ਪ੍ਰਧਾਨਗੀ ਹੇਠ ਇੱਥੇ ਲੇਬਰ ਚੌਕ ਵਿਖੇ ਪੰਜਾਬ ਸਰਕਾਰ ਦੇ ਕਿਰਤ ਕਮਿਸ਼ਨਰ ਵੱਲੋਂ ਕੇਂਦਰ ਸਰਕਾਰ ਦੇ ਕਾਰਪੋਰੇਟ ਘਰਾਣਿਆਂ ਦੇ ਪੱਖ 'ਚ ਬਣਾਏ ਚਾਰ ਕੋਡਾ ਨੂੰ ਲਾਗੂ ਕਰਦਿਆ ਅੱਠ ਘੰਟੇ ਦੀ ਦਿਹਾੜੀ ਨੂੰ ਬਾਰਾਂ ਘੰਟੇ ਕਰਨ ਵਾਲੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਫੂਕ ਕੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਡੀ ਐਮ ਐਫ ਦੇ ਜਿਲ੍ਹਾ ਪ੍ਰਧਾਨ ਮਲਾਗਰ ਸਿੰਘ ਖਮਾਣੋਂ, ਸੁਰਿੰਦਰ ਸਿੰਘ ਅੰਗਰੇਜ, ਗੁਰਮੇਲ ਸਿੰਘ, ਅਜੈਬ ਸਿੰਘ ਸਮਾਣਾ, ਦਲਵੀਰ ਸਿੰਘ ਜਟਾਣਾ ਅਤੇ ਬਲਵਿੰਦਰ ਸਿੰਘ ਸਿਮਰ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਦੌਰਾਨ ਮਜ਼ਦੂਰਾਂ ਦੀਆਂ ਕੁਰਬਾਨੀਆਂ ਸਦਕਾ ਪਹਿਲਾਂ ਬਣੇ ਕਿਰਤ ਕਾਨੂੰਨਾਂ 'ਚ ਕਾਰਪੋਰੇਟ ਘਰਾਣਿਆਂ ਦੇ ਮੁਨਾਫਿਆ ਖਾਤਰ ਸੋਧ ਕੇ ਚਾਰ ਕੋਡਾ 'ਚ ਤਬਦੀਲ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਕਾਨੂੰਨਾਂ ਨੂੰ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪਹਿਲ ਦੇ ਅਧਾਰ 'ਤੇ ਲਾਗੂ ਕੀਤਾ ਗਿਆ ਹੈ , ਜਿਸ ਸੰਬੰਧੀ 20 ਸਤੰਬਰ ਨੂੰ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਕੀਤਾ ਹੈ, ਜਿਸ ਦੀ ਪਹਿਲੀ ਸ਼ਰਤ ਕਿ ਹੁਣ ਦਿਹਾੜੀ ਦਾ ਸਮਾਂ ਬਾਰਾਂ ਘੰਟੇ ਤਹਿ ਕੀਤਾ ਗਿਆ ਹੈ , ਇਸ ਨੋਟੀਫਿਕੇਸ਼ਨ ਦੀ ਯੂਨੀਅਨ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ । ਉਨ੍ਹਾਂ ਦੱਸਿਆ ਕਿ ਇਨ੍ਹਾਂ ਤੋਂ ਇਲਾਵਾ ਮਜਦੂਰਾਂ ਦੇ ਨੀਲੇ ਕਾਰਡ ਕੱਟਣ, ਮੈਡੀਕਲ ਕਲੇਮ, ਵਜੀਫੇ, ਪੈਨਸ਼ਨਾਂ, ਲਾਭ ਪਾਤਰੀ ਕਾਪੀਆਂ ਬਣਾਉਣ ਅਤੇ ਨਿਊ ਕਰਨ ਆਦਿ ਲਈ ਕਿਰਤ ਵਿਭਾਗ ਦੇ ਅਧਿਕਾਰੀ ਭ੍ਰਿਸ਼ਟਾਚਾਰ ਕਾਰਨ ਖੱਜਲ ਖੁਆਰੀ ਆਦਿ ਮੰਗਾਂ ਲਈ 11 ਅਕਤੂਬਰ ਨੂੰ ਰੂਪਨਗਰ ਵਿਖੇ ਜਿਲਾ ਪੱਧਰੀ ਰੋਸ ਪ੍ਰਦਰਸ਼ਨ ਵਿੱਚ ਸੈਂਕੜੇ ਮਿਸਤਰੀ ਮਜ਼ਦੂਰ ਸ਼ਮੂਲੀਅਤ ਕਰਨਗੇ। ਉਕਤ ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮਜਦੂਰਾਂ ਵਿਰੋਧੀ ਫੈਸਲੇ ਵਾਪਸ ਨਾ ਲਏ ਤਾਂ ਪੰਜਾਬ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਕੀਤੇ ਜਾਣਗੇ। ਇਸ ਮੌਕੇ ਲਖਵੀਰ ਸਿੰਘ, ਰਮੇਸ਼ ਕੁਮਾਰ, ਦਵਿੰਦਰ ਸਿੰਘ, ਬਹਾਦਰ ਸਿੰਘ, ਜੀਵਨ ਸਿੰਘ, ਕਮਲਜੀਤ ਸਿੰਘ, ਦਲਜੀਤ, ਗੁਰਮੀਤ ਸਿੰਘ, ਸਤਨਾਮ ਸਿੰਘ ਅਤੇ ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਆਫ ਇੰਡੀਆ ਪੰਜਾਬ ਦੀ ਹੰਗਾਮੀ ਮੀਟਿੰਗ

ਹੁਸ਼ਿਆਰਪੁਰ (ਓ ਪੀ ਰਾਣਾ) ਦਿ ਵਰਕਿੰਗ ਰਿਪੋਰਟਰਜ਼ ਐਸੋਸ਼ੀਏਸਨ ਆਫ ਇੰਡੀਆ ਰਜਿ. ਪੰਜਾਬ ਦੀ ਇਕ ਹੰਗਾਮੀ ਮੀਟਿੰਗ ਹੁਸ਼ਿਆਰਪੁਰ ਵਿਖੇ ਤਰਸੇਮ ਦੀਵਾਨਾ ਕੌਮੀ ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ 'ਚ ਸਰਬ ਸੰਮਤੀ ਨਾਲ ਫੈਸਲਾ ਕਰਕੇ ਨਿਊਜ਼ ਪੋਰਟਲ ਨਿਊਜ਼ਕਲਿੱਕ ਦੇ ਦਫ਼ਤਰ ਅਤੇ ਪੱਤਰਕਾਰਾਂ 'ਤੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਈ ਡੀ ਦੀ ਕਾਰਵਾਈ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਵਾਈਸ ਚੇਅਰਮੈਨ, ਵਿਨੋਦ ਕੌਸਲ ਸਕੱਤਰ ਜਨਰਲ, ਗੁਰਬਿੰਦਰ ਸਿੰਘ ਪਲਾਹਾ, ਓ ਪੀ ਰਾਣਾ ਜਿਲ੍ਹਾ ਜਨਰਲ ਸਕੱਤਰ, ਜਿਲ੍ਹਾ ਪ੍ਰਧਾਨ ਵਿਕਾਸ ਸੂਦ, ਅਸ਼ਵਨੀ ਸ਼ਰਮਾ ਸੀਨੀਅਰ ਮੀਤ ਪ੍ਰਧਾਨ ਨੇ ਸਾਂਝੇ ਬਿਆਨ 'ਚ ਕਿਹਾ ਕਿ ਉਕਤ ਮੀਡੀਆ ਅਦਾਰੇ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁੰਨਾਂ ਵੱਲੋਂ ਮੋਦੀ ਸਰਕਾਰ ਦੀਆਂ ਨਾਕਾਮੀਆਂ ਨੂੰ ਲਗਾਤਾਰ ਲੋਕ ਕਚਹਿਰੀ 'ਚ ਪੇਸ਼ ਕੀਤਾ ਜਾ ਰਿਹਾ ਸੀ, ਉੱਥੇ ਹੀ ਪੱਤਰਕਾਰ ਭਾਸ਼ਾ ਸਿੰਘ ਅਤੇ ਅਭਿਸਾਰ ਸ਼ਰਮਾ ਨੇ ਇਤਿਹਾਸਕ ਕਿਸਾਨ ਅੰਦੋਲਨ ਦੀ ਨਿਰਪੱਖ ਅਤੇ ਨਿਡਰ ਰਿਪੋਰਟਿੰਗ ਕੀਤੀ ਸੀ। ਕੇਂਦਰ ਸਰਕਾਰ ਦੀ ਕਾਰਵਾਈ ਨੇ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਹਕੂਮਤ ਵਿਰੋਧ ਦੀ ਕਿਸੇ ਵੀ ਆਵਾਜ਼ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੁੰਦੀ। ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਆਗੂਆਂ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਲੋਕਤੰਤਰ ਦੇ ਚੌਥੇ ਥੰਮ ਪ੍ਰੈਸ ਦੀ ਆਜ਼ਾਦੀ ਤੇ ਕਿਸੇ ਵੀ ਤਰ੍ਹਾਂ ਦੇ ਹਮਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਕਤ ਆਗੂਆਂ ਨੇ ਇੱਕ ਵਾਰੀ ਫਿਰ ਨਿਰਪੱਖ ਅਤੇ ਨਿਡਰ ਪੱਤਰਕਾਰਿਤਾ ਲਈ ਜਾਣੇ ਜਾਂਦੇ ਨਿਊਜ਼ਕਲਿੱਕ ਪੋਰਟਲ ਅਤੇ ਉਸਦੇ ਪੱਤਰਕਾਰਾਂ ਖ਼ਿਲਾਫ਼ ਕੀਤੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ।

ਤਜਰਬੇ ਦੇ ਆਧਾਰ 'ਤੇ ਬਾਇਓਮੀਟ੍ਰਿਕ ਅਧਾਰਤ ਖਰੀਦ ਪ੍ਰਣਾਲੀ ਸ਼ੁਰੂ

ਐੱਸ ਏ ਐੱਸ ਨਗਰ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)-ਪੰਜਾਬ ਰਾਜ ਵਿੱਚ ਖਰੀਫ ਸੀਜ਼ਨ 2023-24 ਸ਼ੁਰੂ ਹੋਣ ਦੇ ਮੱਦੇਨਜਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ ਅੰਦਾਜ਼ਨ 54812 ਮੀਟ੍ਰਿਕ ਟਨ ਝੋਨਾ ਆ ਚੁੱਕਾ ਹੈ, ਜਿਸ ਵਿੱਚੋਂ 51063 ਐਮ.ਟੀ. ਝੋਨਾ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤਾ ਜਾ ਚੁੱਕਾ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਿਸਾਨਾਂ ਵੱਲੋਂ ਲਿਆਂਦੀ ਜਾ ਰਹੀ ਝੋਨੇ ਦੀ ਫਸਲ ਨੂੰ ਖਰੀਦਣ ਅਤੇ ਖਰੀਦ ਉਪਰੰਤ ਉਸ ਦੀ ਲਿਫਟਿੰਗ ਅਤੇ ਸੁਰੱਖਿਅਤ ਭੰਡਾਰਣ ਲਈ ਪੰਜਾਬ ਸਰਕਾਰ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀ ਹਰ ਇੱਕ ਮੰਡੀ ਵਿੱਚ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਫਸਲ ਨੂੰ 72 ਘੰਟਿਆਂ ਦੇ ਅੰਦਰ-ਅੰਦਰ ਮੰਡੀ ਵਿਚੋਂ ਚੁੱਕ ਕੇ ਭੰਡਾਰ ਕਰਨ ਵਾਲੀ ਥਾਂ 'ਤੇ ਲਿਜਾਣ ਲਈ ਸਰਕਾਰ ਵੱਲੋਂ ਲੇਬਰ, ਲੇਬਰ-ਕਾਰਟੇਜ, ਟਰਾਂਸਪੋਰਟੇਸ਼ਨ ਦੇ ਪ੍ਰਬੰਧ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਖਰੀਦ ਕੀਤੀ ਗਈ ਜੀਰੀ ਦੀ ਲਿਫਟਿੰਗ 72 ਘੰਟਿਆਂ ਦੇ ਹਿਸਾਬ ਨਾਲ 115 ਪ੍ਰਤੀਸ਼ਤ ਹੈ।

ਸਮੂਹ ਖਰੀਦ ਏਜੰਸੀਆਂ ਵੱਲੋਂ ਖਰੀਦੀ ਗਈ ਫਸਲ ਦੇ ਐਮ.ਐਸ.ਪੀ. (ਘੱਟੋ ਘੱਟ ਸਮਰਥਨ ਮੁੱਲ) ਦੀ 100 ਪ੍ਰਤੀਸ਼ਤ ਅਦਾਇਗੀ, ਜੋ ਕਿ 98.43 ਕਰੋੜ ਬਣਦੀ ਹੈ, 24 ਘੰਟਿਆਂ ਦੇ ਵਿੱਚ-ਵਿੱਚ ਸਿੱਧੇ ਤੌਰ 'ਤੇ ਕਿਸਾਨਾਂ ਦੇ ਖਾਤਿਆਂ ਵਿੱਚ ਕਰ ਦਿੱਤੀ ਗਈ ਹੈ। ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਐਸ.ਏ.ਐਸ ਨਗਰ ਸ੍ਰੀਮਤੀ (ਡਾ.) ਨਵਰੀਤ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਕੇਵਲ ਉਨ੍ਹਾਂ ਟਰੱਕਾਂ ਰਾਹੀਂ ਹੀ ਝੋਨੇ ਦੀ ਲਿਫਟਿੰਗ ਕਰਵਾਈ ਜਾ ਰਹੀ ਹੈ, ਜਿਨ੍ਹਾਂ ਟਰੱਕਾਂ ਵਿੱਚ ਵ੍ਹੀਕਲ ਟਰੈਕਿੰਗ ਸਿਸਟਮ (ਵੀ ਟੀ ਐਸ) ਲੱਗਿਆ ਹੋਵੇ ਤਾਂ ਜੋ ਜੀ.ਪੀ.ਐਸ. ਸਿਸਟਮ ਰਾਹੀਂ ਵਾਹਨ ਦੀ ਸਥਿਤੀ (ਮੂਵਮੇਂਟ) 'ਤੇ ਨਜਰ ਰੱਖੀ ਜਾ ਸਕੇ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਐਸ.ਏ.ਐਸ ਨਗਰ ਦੀਆਂ ਪੰਜ ਮੰਡੀਆਂ ਦਾਊਂ ਮਾਜਰਾ, ਸਨੇਟਾ, ਅਮਲਾਲਾ, ਟਿਵਾਣਾ ਅਤੇ ਕੱਚੀ ਮੰਡੀ ਕੁਰਾਲੀ ਵਿੱਚ ਮੰਡੀ ਬੋਰਡ ਵਲੋਂ ਤਜਰਬੇ (ਪਾਇਲਟ ਪ੍ਰਜੈਕਟ) ਦੇ ਆਧਾਰ 'ਤੇ ਬਾਇਓਮੀਟ੍ਰਿਕ ਅਧਾਰਿਤ ਖਰੀਦ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਇਨ੍ਹਾਂ ਪੰਜ ਮੰਡੀਆਂ ਵਿੱਚ ਕਿਸਾਨਾਂ ਦੀ ਬਾਇਓਮੀਟ੍ਰਿਕ ਪਛਾਣ ਦੀ ਪ੍ਰੀਕਿਰਿਆ ਪੂਰੀ ਕਰਨ ਉਪਰੰਤ ਹੀ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ ਅਤੇ ਇਹ ਪ੍ਰੀਕਿਰਿਆ ਇਨ੍ਹਾਂ ਮੰਡੀਆਂ ਚ ਨਿਰਵਿਘਨ ਚੱਲ ਰਹੀ ਹੈ।

ਬੇਗਮਪੁਰਾ ਟਾਈਗਰ ਫੋਰਸ ਵੱਲੋਂ ਤੀਜਾ ਖ਼ੂਨਦਾਨ ਕੈਂਪ ਭਲਕੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ, ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ, ਸਤੀਸ਼ ਕੁਮਾਰ ਸ਼ੇਰਗੜ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ, ਰਾਜ ਕੁਮਾਰ ਬੱਧਣ ਨਾਰਾ ਜਿਲ੍ਹਾ ਉੱਪ ਪ੍ਰਧਾਨ ਅਤੇ ਹਰਭਜਨ ਲਾਲ ਸਰੋਆ ਉਪ ਪ੍ਰਧਾਨ ਬਲਾਕ 2 ਨੇ ਸਾਝੇ ਰੂਪ ਵਿੱਚ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 11 ਅਕਤੂਬਰ ਦਿਨ ਬੁੱਧਵਾਰ ਨੂੰ ਗੁਰਦੁਆਰਾ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਤੀਸਰਾ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ, ਜਿਸ 'ਚ ਸਤਨਾਮ ਹਸਪਤਾਲ ਦੀ ਬਲੱਡ ਸੈਂਟਰ ਦੀ ਟੀਮ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਬੇਝਿਜਕ ਹੋ ਕੇ ਹਰ ਵਿਅਕਤੀ ਨੂੰ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਦਾਨ ਕੀਤੇ ਖ਼ੂਨ ਦੀ ਇੱਕ ਬੂੰਦ ਕਿਸੇ ਦੀ ਜਾਨ ਬਚਾ ਸਕਦੀ ਹੈ।

ਕਿੱਕ ਬਾਕਸਿੰਗ, ਜਿਮਨਾਸਟਿਕ ਤੇ ਤੈਰਾਕੀ ਦੇ ਰਾਜ ਪੱਧਰੀ ਮੁਕਾਬਲਿਆਂ ਦੀ ਮੋਹਾਲੀ ਕਰੇਗਾ ਮੇਜ਼ਬਾਨੀ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)-ਜ਼ਿਲ੍ਹਾ ਐਸ.ਏ.ਐਸ.ਨਗਰ ਵੱਲੋਂ 10 ਤੋਂ 15 ਅਕਤੂਬਰ, 2023 ਤੱਕ ਕਿੱਕ ਬਾਕਸਿੰਗ, ਜਿਮਨਾਸਟਿਕ ਅਤੇ ਤੈਰਾਕੀ ਦੇ ਰਾਜ ਪੱਧਰੀ ਮੁਕਾਬਲਿਆਂ ਦੀ ਮੇਜਬਾਨੀ, ਖੇਡਾਂ ਵਤਨ ਪੰਜਾਬ ਦੀਆ-2023 ਤਹਿਤ ਕੀਤੀ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸਨਰ-ਕਮ-ਚੇਅਰਪਰਸਨ ਜ਼ਿਲ੍ਹਾ ਖੇਡ ਕਮੇਟੀ ਐਸ.ਏ.ਐਸ.ਨਗਰ ਸ੍ਰੀਮਤੀ ਆਸ਼ਿਕਾ ਜੈਨ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਕਿੱਕ ਬਾਕਸਿੰਗ ਅਤੇ ਜਿਮਨਾਸਟਿਕ ਮੁਕਾਬਲੇ 10 ਤੋਂ 15 ਅਕਤੂਬਰ ਤੱਕ ਬਹੁਮੰਤਵੀ ਖੇਡ ਕੰਪਲੈਕਸ, ਸੈਕਟਰ 78, ਮੋਹਾਲੀ ਵਿਖੇ ਕਰਵਾਏ ਜਾਣਗੇ ਜਦਕਿ 12 ਤੋਂ 15 ਅਕਤੂਬਰ ਤੱਕ ਖੇਡ ਭਵਨ, ਸੈਕਟਰ 63, ਮੋਹਾਲੀ ਵਿਖੇ ਤੈਰਾਕੀ ਦੇ ਮੁਕਾਬਲੇ ਕਰਵਾਏ ਜਾਣਗੇ।

ਕਲਸਾਂ ਦੀ ਮਿੱਟੀ ਨੂੰ ਦੇਸ਼ ਦੀ ਏਕਤਾ ਤੇ ਖੁਸ਼ਹਾਲੀ ਦੇ ਪ੍ਰਤੀਕ ਵਜੋਂ ਕੀਤਾ ਗਿਆ ਸੁਰੱਖਿਅਤ

ਐੱਸ ਏ ਐੱਸ ਨਗਰ, (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ) ਮੇਰੀ ਮਿੱਟੀ ਮੇਰਾ ਦੇਸ ਮੁਹਿੰਮ ਤਹਿਤ ਨਗਰ ਨਿਗਮ ਮੋਹਾਲੀ ਵੱਲੋਂ ਕੱਢੀ ਗਈ ਅੰਮ੍ਰਿਤ ਕਲਸ ਯਾਤਰਾ ਵਿੱਚ ਸਮੂਹ ਯੂ.ਐਲ.ਬੀ. (ਸਹਿਰੀ ਸਥਾਨਕ ਸੰਸਥਾਵਾਂ) ਭਾਗੀਦਾਰਾਂ ਨੇ ਆਪਣੇ-ਆਪਣੇ ਖੇਤਰ ਵਿੱਚੋਂ ਮਿੱਟੀ ਅਤੇ ਚੌਲਾਂ ਦੇ ਦਾਣੇ ਕਲਸ ਵਿੱਚ ਇਕੱਠਾ ਕਰਕੇ ਨਗਰ ਨਿਗਮ ਦਫਤਰ ਵਿੱਚ ਲਿਆਂਦੇ, ਜਿੱਥੇ ਕਲਸ ਦੇ ਡੱਬਿਆਂ ਨੂੰ ਇੱਕ ਸਾਂਝੇ ਸਮਾਰੋਹ ਵਿੱਚ ਖੋਲ੍ਹਿਆ ਗਿਆ। ਨਗਰ ਨਿਗਮ ਦਫਤਰ ਵਿਖੇ ਸਮੂਹ ਨਗਰ ਕੌਂਸਲਾਂ ਵੱਲੋਂ ਆਪੋ ਆਪਣੇ ਕਲਸ ਵਿੱਚ ਇਕੱਠੀ ਕੀਤੀ ਮਿੱਟੀ ਨੂੰ ਰਸਮੀ ਤੌਰ 'ਤੇ ਮਿਲਾਇਆ ਗਿਆ। ਇਸ ਮੁਹਿੰਮ ਨੇ ਪਵਿੱਤਰ ਮਿੱਟੀ ਅਤੇ ਚੌਲਾਂ ਦੇ ਦਾਣੇ ਇਕੱਠੇ ਕਰਨ ਲਈ ਸਮੂਹ ਭਾਗੀਦਾਰਾਂ ਨੂੰ ਇਕੱਠੇ ਕਰਕੇ ਇੱਕ ਲੜੀ 'ਚ ਪ੍ਰੋਇਆ, ਜੋ ਕਿ ਜ਼ਿਲ੍ਹੇ ਦੀ ਏਕਤਾ ਅਤੇ ਵਾਤਾਵਰਣ ਸੰਭਾਲ ਪ੍ਰਤੀ ਵਚਨਬੱਧਤਾ ਦੇ ਪ੍ਰਤੀਕ ਵਜੋਂ ਉਭਰਿਆ। ਇਸ ਪਵਿੱਤਰ ਰਸਮ ਤੋਂ ਬਾਅਦ ਮਿਸ਼ਰਤ ਮਿੱਟੀ ਨੂੰ ਬਹੁਤ ਹੀ ਸਾਵਧਾਨੀ ਨਾਲ ਧਾਤ ਦੇ ਭਾਂਡਿਆਂ "ਗਾਗਰਾਂ" ਵਿੱਚ ਰੱਖਿਆ ਗਿਆ। ਇਨ੍ਹਾਂ ਗਾਗਰਾਂ ਨੂੰ ਬਾਅਦ ਵਿੱਚ ਸੀਲ ਕਰ ਦਿੱਤਾ ਗਿਆ, ਜੋ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਅਤੇ ਸਾਡੇ ਸਾਂਝੇ ਭਵਿੱਖ ਨੂੰ ਸੰਭਾਲਣ ਦੀ ਵਚਨਬੱਧਤਾ ਦਾ ਪ੍ਰਤੀਕ ਬਣੇਗੀ।

ਡਿਪਟੀ ਡੀ ਈ ਓ ਵੱਲੋਂ ਸ ਸ ਸ ਸ ਦਾ ਨਿਰੀਖਣ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਡਿਪਟੀ ਡੀਈਓ (ਸੀ:ਸੈ:) ਰੂਪਨਗਰ ਐਸ ਪੀ ਸਿੰਘ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਬੇਦੀ ਦਾ ਅਚਨਚੇਤ ਨਿਰੀਖਣ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਵਲੋਂ ਤਸੱਲੀ ਪ੍ਰਗਟਾਈ ਗਈ। ਸਵੇਰ ਦੀ ਸਭਾ ਮੌਕੇ ਵਿਦਿਆਰਥੀਆਂ ਨੂੰ ਪੂਰੀ ਵਰਦੀ ਅਤੇ ਅਨੁਸ਼ਾਸਨ ਵਿੱਚ ਵੇਖ ਕੇ ਡਿਪਟੀ ਡੀਈਓ ਵਲੋਂ ਮੰਚ 'ਤੇ ਸੰਬੋਧਨ ਕਰਦਿਆਂ ਜਿੱਥੇ ਅਧਿਆਪਕਾਂ ਨੂੰ ਵਧਾਈ ਉਥੇ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੱਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜਿਹੜੇ ਲੋਕ ਅਨੁਸਾਸਨ ਦੀ ਕਦਰ ਕਰਦੇ ਹਨ ਉਹ ਜ਼ਿੰਦਗੀ ਵਿੱਚ ਹਮੇਸ਼ਾ ਕਾਮਯਾਬ ਹੁੰਦੇ ਹਨ, ਇਸ ਲਈ ਸਭ ਨੂੰ ਅਨੁਸ਼ਾਸਨ ਵਿੱਚ ਰਹਿਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਅਨੁਸ਼ਾਸਨ ਵਿੱਚ ਨਹੀਂ ਰਹਿੰਦੇ ਉਹ ਹੁਸ਼ਿਆਰ ਹੋਣ ਦੇ ਬਾਵਜੂਦ ਜ਼ਿੰਦਗੀ ਦੀ ਮੰਜ਼ਲ ਸਰ ਕਰਨ ਵਿੱਚ ਕਾਮਯਾਬ ਨਹੀਂ ਹੁੰਦੇ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਨਿਪੁੰਨ ਬਣਾਉਣ ਅਤੇ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ

10-OCT-PAGE-10.qxd 10/9/2023 10:12 PM Page 1

ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਦਿੜ੍ਹਬਾ 'ਚ ਪ੍ਰਦਰਸ਼ਨ

■ ਪੁਰਾਣੀ ਪੈਨਸ਼ਨ ਬਹਾਲੀ ਲਈ ਰਾਸ਼ਟਰੀ ਹੜਤਾਲ ਦਾ ਐਲਾਨ

ਸ਼ੇਰਪੁਰ (ਸੁਖਦੇਵ ਧੂਰੀ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵਿੱਤ ਮੰਤਰੀ ਦੇ ਸ਼ਹਿਰ ਦਿੜ੍ਹਬਾ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਗਈ। ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਐੱਨ ਪੀ ਐੱਸ ਪੀੜਤ ਮੁਲਾਜ਼ਮਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਕਨਵੀਨਰ ਜਸਵੀਰ ਤਲਵਾੜਾ, ਸਕੱਤਰ ਜਰਨੈਲ ਸਿੰਘ ਪੱਟੀ ਕੋ-ਕਨਵੀਨਰ ਅਜੀਤਪਾਲ ਸਿੰਘ ਜੱਸੋਵਾਲ, ਜਸਵਿੰਦਰ ਸਿੰਘ ਜੱਸਾ ਪਿਸ਼ੋਰੀਆ, ਕਰਮਜੀਤ ਤਾਮਕੋਟ, ਲਖਵਿੰਦਰ ਭੌਰ ਤੇ ਰਣਬੀਰ ਉੱਪਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਂਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ, ਪਰ ਲਗਭਗ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਇਹ ਨੋਟੀਫਿਕੇਸ਼ਨ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਗਿਆ। ਪੰਜਾਬ ਦੇ ਵਿੱਤ ਮੰਤਰੀ ਵੱਲੋਂ ਸੂਬਾਈ ਆਗੂਆਂ ਨਾਲ 6 ਅਪ੍ਰੈਲ ਨੂੰ ਪੰਜਾਬ ਭਵਨ ਵਿੱਚ ਹੋਈ ਮੀਟਿੰਗ 'ਚ ਤੈਅ ਹੋਇਆ ਸੀ ਕਿ ਦੋ ਮਹੀਨਿਆਂ ਅੰਦਰ ਪੁਰਾਣੀ ਪੈਨਸ਼ਨ ਬਹਾਲੀ ਦਾ ਐੱਸ ਓ ਪੀ ਜਾਰੀ ਕਰ ਦਿੱਤਾ ਜਾਵੇਗਾ, ਪਰ ਜਦੋਂ ਛੇ ਮਹੀਨੇ ਬੀਤ ਜਾਣ ਦੇ ਬਾਅਦ ਵੀ ਆਪਣੇ ਵਾਅਦੇ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ, ਜਿਸ ਕਰਕੇ ਪੰਜਾਬ ਦੇ ਦੋ ਲੱਖ ਐੱਨ ਪੀ ਐੱਸ ਮੁਲਾਜ਼ਮ ਭਾਰੀ ਨਿਰਾਸ਼ਾ ਵਿੱਚ ਹਨ।

ਇਕੱਠ ਨੂੰ ਸੰਬੋਧਤ ਹੁੰਦਿਆਂ ਰਾਸ਼ਟਰੀ ਕਨਵੀਨਰ, ਪੁਰਾਣੀ ਪੈਨਸ਼ਨ ਯੋਜਨਾ ਬਹਾਲੀ

ਸਯੁੰਕਤ ਮੰਚ ਸ਼ਿਵ ਗੋਪਾਲ ਮਿਸ਼ਰਾ ਨੇ ਕਿਹਾ ਆਮ ਆਦਮੀ ਪਾਰਟੀ ਦੀ ਦੋਗਲੀ ਨੀਤੀ ਦੀ ਰਾਸ਼ਟਰੀ ਪੱਧਰ 'ਤੇ ਪੋਲ ਖੋਲ੍ਹੀ ਜਾਵੇਗੀ ਤੇ ਐੱਨ ਪੀ ਐੱਸ ਦੇ ਵਿਰੋਧ ਤੇ ਪੁਰਾਣੀ ਪੈਨਸ਼ਨ ਬਹਾਲੀ ਲਈ 21 ਤੇ 22 ਨਵੰਬਰ ਨੂੰ ਦੇਸ਼ ਵਿਆਪੀ ਹੜਤਾਲ ਦਾ ਮੰਚ ਵੱਲੋਂ ਸੱਦਾ ਦਿੱਤਾ ਗਿਆ ਹੈ। ਜੁਆਇੰਟ ਸਕੱਤਰ ਬਿਕਰਮਜੀਤ ਸਿੰਘ ਕੱਦੋਂ, ਹਰਵਿੰਦਰ ਬਿਲਗਾ, ਵਰਿੰਦਰ ਵਿੱਕੀ, ਸਰਬਜੀਤ ਸਿੰਘ ਧਾਲੀਵਾਲ, ਪ੍ਰਭਜੀਤ ਰਸੂਲਪੁਰ, ਸੰਤਸੇਵਕ ਸਰਕਾਰੀਆ, ਨਿਰਮਲ ਪੱਖੋਕੇ, ਪ੍ਰੇਮ ਠਾਕੁਰ, ਡੀ ਟੀ ਐੱਫ ਪ੍ਰਧਾਨ ਦਿਗਵਿਜੈ ਪਾਲ ਮੋਗਾ, ਸੁਖਵਿੰਦਰ ਸਿੰਘ ਚਾਹਲ ਪ੍ਰਧਾਨ ਜੀ ਟੀ ਯੂ ਪੰਜਾਬ, ਨਿਰਮਲ ਮੋਗਾ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਵੱਡੇ ਵੱਡੇ ਕੰਮਾਂ ਨੂੰ ਥੋੜ੍ਹੇ ਸਮੇਂ ਵਿੱਚ ਕਰਕੇ ਦਿਖਾਉਣ ਦਾ ਦਾਅਵਾ ਕਰਦੀ ਹੈ, ਪਰ ਖੁਦ ਦੇ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਮੁੱਖ ਮੰਤਰੀ ਦਾ ਪੈਨਸ਼ਨ ਬਹਾਲੀ ਦਾ ਐਲਾਨ ਇੱਕ ਸਾਲ ਬਾਅਦ ਵੀ ਅਧੂਰਾ ਹੈ, ਜਦੋਂਕਿ ਗਵਾਂਢੀ ਸੂਬੇ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਬਾਅਦ ਵਿੱਚ ਸਰਕਾਰ ਬਣਾ ਕੇ ਵਾਅਦਾ ਪੂਰਾ ਕਰ ਵਿਖਾਇਆ ਹੈ। ਪੰਜਾਬ ਸਰਕਾਰ ਦੇ ਲਾਰਿਆਂ ਤੋਂ ਅੱਕੇ ਮੁਲਾਜ਼ਮਾਂ ਨੇ ਵਿਸ਼ਾਲ ਰੋਸ ਮਾਰਚ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਦਫਤਰ ਦਾ ਘਿਰਾਓ ਕੀਤਾ, ਜਿਸ ਕਾਰਨ ਪ੍ਰਸ਼ਾਸਨ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੂੰ ਵਿੱਤ ਮੰਤਰੀ ਨਾਲ 17 ਅਕਤੂਬਰ 2023 ਨੂੰ ਮੀਟਿੰਗ ਦਾ ਸਮਾਂ ਤੈਅ ਹੋਇਆ ਹੈ। ਇਸ ਮੌਕੇ ਜ਼ਿਲ੍ਹਾ ਕਨਵੀਨਰ ਗੁਰਦੀਪ ਸਿੰਘ ਚੀਮਾ ਲੁਧਿਆਣਾ, ਸੰਜੀਵ ਧੂਤ ਹੁਸ਼ਿਆਰਪੁਰ, ਗੁਰਸ਼ਰਨ ਸਿੰਘ ਮੋਗਾ, ਗੁਰਿੰਦਰਪਾਲ ਖੇੜੀ ਰੂਪਨਗਰ, ਸਤਨਾਮ ਫ਼ਤਹਿਗੜ੍ਹ ਸਾਹਿਬ, ਗੁਰਦਿਆਲ ਮਾਨ ਨਵਾਂਸ਼ਹਿਰ, ਸੱਤ ਪ੍ਰਕਾਸ਼, ਸਤਵੰਤ ਆਲਮਪੁਰ, ਰਜਨੀਸ਼ ਪਠਾਨਕੋਟ, ਹਰਪ੍ਰੀਤ ਬਰਾੜ ਮੁਕਤਸਰ, ਕੁਲਦੀਪ ਵਾਲੀਆ ਜਲੰਧਰ, ਹਿੰਮਤ ਪਟਿਆਲਾ, ਪਰਮਿੰਦਰਪਾਲ ਕਪੂਰਥਲਾ, ਗੁਲਾਬ ਸਿੰਧੂ ਬਰਨਾਲਾ, ਦਰਸ਼ਨ ਅਲੀਸ਼ੇਰ ਮਾਨਸਾ, ਲਵਪ੍ਰੀਤ ਰੋੜਾਂਵਲੀ ਗੁਰਦਾਸਪੁਰ, ਕੁਲਵਿੰਦਰ ਤਰਨਤਾਰਨ, ਦਰਸ਼ਨ ਸਿੰਘ ਅਲੀਸ਼ੇਰ, ਗੁਰਤੇਜ ਖਹਿਰਾ ਫਰੀਦਕੋਟ, ਸੁਖਪਾਲ ਮਲੇਰਕੋਟਲਾ, ਬੋਬਿੰਦਰ ਸਿੰਘ, ਜਗਸੀਰ ਸਿੰਘ, ਸੋਹਣ ਲਾਲ, ਕਰਮਜੀਤ ਜਲਾਲ ਬਠਿੰਡਾ, ਗੁਰਪ੍ਰੀਤ ਸਿੰਘ ਰੰਗੀਲਪੁਰ, ਮਨਪ੍ਰੀਤ ਮੋਹਾਲੀ, ਕਰਮਜੀਤ ਸਿੰਘ ਬੀਹਲਾ ਸੀਨੀ. ਮੀਤ ਪ੍ਰਧਾਨ ਪ ਸ ਸ ਫ ਪੰਜਾਬ ਤੇ ਜਗਸੀਰ ਸਿੰਘ ਸਹੋਤਾ ਆਦਿ ਹਾਜ਼ਰ ਸਨ।

ਡੀ ਏ ਵੀ ਸਕੂਲ ਨੇ ਕਿੱਕ ਬਾਕਸਿੰਗ 'ਚ ਜਿੱਤੇ 26 ਮੈਡਲ

ਜਗਰਾਓਂ (ਨਛੱਤਰ ਸੰਧੂ, ਅਮਿਤ ਖੰਨਾ)-ਪੰਜਾਬ ਸਰਕਾਰ ਤੇ ਪੰਜਾਬ ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਕਿੱਕ ਬਾਕਸਿੰਗ ਖੇਡ ਵਿੱਚ ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ, ਜਗਰਾਓਂ ਦੇ ਖਿਡਾਰੀਆਂ ਨੇ 11 ਗੋਲਡ, 8 ਸਿਲਵਰ ਤੇ 7 ਬਰੋਨਜ਼ ਮੈਡਲ ਹਾਸਲ ਕੀਤੇ। ਸਕੂਲ ਦੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦੇ ਕਿੱਕ ਬਾਕਸਿੰਗ ਖਿਡਾਰੀਆਂ ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਕੁੱਲ 26 ਮੈਡਲ ਹਾਸਲ ਕੀਤੇ। ਸਕੂਲ ਦੇ 11 ਦੇ ਕਰੀਬ ਖਿਡਾਰੀਆਂ ਦੀ ਸਿਲੈਕਸ਼ਨ ਮੁਹਾਲੀ ਵਿਖੇ ਹੋ ਰਹੀਆਂ ਪੰਜਾਬ ਰਾਜ ਖੇਡਾਂ (ਕਿੱਕ ਬਾਕਸਿੰਗ) ਵਿੱਚ ਹੋਈ।

ਪ੍ਰਿੰਸੀਪਲ ਵੇਦ ਵ੍ਰਤ ਪਲਾਹ ਜੀ ਨੇ ਇਸ ਵੱਡੀ ਉਪਲੱਬਧੀ 'ਤੇ ਕਿੱਕ ਬਾਕਸਿੰਗ ਦੇ ਸੀਨੀਅਰ ਕੋਚ ਸੁਰਿੰਦਰ ਪਾਲ ਵਿੱਜ (ਡੀ.ਪੀ.ਈ.) ਜੀ ਨੂੰ ਵਧਾਈਆਂ ਦਿੱਤੀਆਂ। ਉਨ੍ਹਾ ਦੱਸਿਆ ਕਿ ਇਹ ਕਿੱਕ ਬਾਕਸਿੰਗ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਦੇ ਮਲਟੀਪਰਪਜ਼ ਹਾਲ ਵਿੱਚ ਡੀ ਐੱਸ ਓ ਰੁਪਿੰਦਰ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ ਤਹਿਤ ਹੋਈ, ਜਿਸ ਵਿੱਚ ਅੰਡਰ 14 ਦੇ 28 ਕਿੱਲੋ 'ਚ ਪੁਰਵ ਗਰਗ ਗੋਲਡ, ਅੰਡਰ-32 ਕਿੱਲੋ 'ਚ ਯੁਵਰਾਜ ਗੁਪਤਾ

ਸਿਲਵਰ ਮੈਡਲ, ਅੰਡਰ-42 ਕਿੱਲੋ ਵਿੱਚ ਅਸਪ੍ਰੀਤ ਸਿੰਘ ਗੋਲਡ, ਅੰਡਰ-47 ਦਕਸ਼ ਬਹਿਲ ਸਿਲਵਰ ਮੈਡਲ, ਅੰਡਰ-47 ਕਿੱਲੋ ਵਿੱਚ ਮਾਧਵਨ ਕਾਲੀਆ ਬਰੋਨਜ਼ ਮੈਡਲ, ਗੁਰਜੋਤ ਸਿੰਘ ਸਿਲਵਰ ਮੈਡਲ, ਅੰਨਸੂਮਨ ਸਿਲਵਰ ਮੈਡਲ, +47 ਕਿੱਲੋ ਵਿੱਚ ਆਦਿਤ ਮਿੱਤਲ ਬਰੋਨਜ਼ ਮੈਡਲ, ਅੰਡਰ-37 'ਚ ਏਂਜਲ ਸਿੰਗਲਾ ਸਿਲਵਰ ਮੈਡਲ, ਅੰਡਰ-47 'ਚ ਯਸ਼ਿਕਾ ਗਰਗ ਗੋਲਡ ਮੈਡਲ, ਅੰਡਰ-50 'ਚ ਅਰਾਧਿਆ ਬਾਵਾ ਬਰੋਨਜ ਮੈਡਲ, ਅੰਡਰ-17 'ਚ -46 ਕਿੱਲੋ 'ਚ ਹਰਨੂਰ ਕੌਰ ਬਰੋਨਜ਼, ਅੰਡਰ-50 ਵਿੱਚ ਰਾਧਿਕਾ ਜਿੰਦਲ ਸਿਲਵਰ ਤੇ ਪ੍ਰਤਿਭਾ ਸ਼ਰਮਾ ਨੇ ਗੋਲਡ ਮੈਡਲ ਹਾਸਲ ਕੀਤਾ। ਅੰਡਰ-65 ਕਿੱਲੋ 'ਚ ਸਾਈਨਾ ਕਤਿਆਲ ਗੋਲਡ, +65 ਵਿੱਚ ਗੁਣਵੀਨ ਕੌਰ ਗੋਲਡ ਮੈਡਲ, ਅੰਡਰ-46 ਕਿੱਲੋ ਵਿੱਚ ਕੀਰਤ ਕੌਰ ਸਿਲਵਰ ਮੈਡਲ, ਅੰਡਰ-65 ਪੀ ਐੱਫ 'ਚ ਏਂਜਲ ਗੁਪਤਾ ਗੋਲਡ, +65 ਪੀ ਐੱਫ ਕਸ਼ਿਸ਼ ਸਿਲਵਰ, ਜਪਜੀਤ ਕੌਰ ਬਰੋਨਜ਼ ਮੈਡਲ, ਅੰਡਰ-17 ਲੜਕਿਆਂ ਵਿੱਚ +69 ਕਿੱਲੋ 'ਚ ਸ਼ਿਵਾਲਿਕ ਬਾਂਸਲ ਗੋਲਡ, ਕ੍ਰਿਸ਼ ਗਰਗ ਸਿਲਵਰ,-52 ਪੀ ਐੱਫ ਵਿੱਚ ਬਾਗੀਸ ਢੰਡਾ ਸਿਲਵਰ ਮੈਡਲ,-57 ਅੰਕੁਸ਼ ਬਾਂਸਲ ਗੋਲਡ,-69 ਐੱਲ ਸੀ ਜੈ ਇੰਦਰ ਸਿੰਘ ਛਾਬੜਾ ਗੋਲਡ ਮੈਡਲ ਤੇ ਹਰਕਰਨ ਜੋਤ ਸਿੰਘ ਗਰੇਵਾਲ ਨੇ ਗੋਲਡ ਮੈਡਲ ਹਾਸਲ ਕੀਤਾ। ਸਕੂਲ ਆਉਣ 'ਤੇ ਪ੍ਰਿੰਸੀਪਲ ਵੇਦ ਵ੍ਰਤ ਪਲਾਹ, ਸਮੂਹ ਸਕੂਲ ਸਟਾਫ ਤੇ ਬੱਚਿਆਂ ਵੱਲੋਂ ਖਿਡਾਰੀਆਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।

ਕਾਤਰਾਂ

ਸੰਜੇ ਸਿੰਘ ਦੀ ਗ੍ਰਿਫ਼ਤਾਰੀ ਕੇਂਦਰ ਦਾ ਤਾਨਾਸ਼ਾਹੀ ਕਿਰਦਾਰ ਪੇਸ਼ ਕਰਦੀ ਹੈ : ਇੰਜ. ਨਿਆਮੀਵਾਲਾ

ਜੈਤੋ (ਸਤੀਸ਼ ਕੁਮਾਰ ਭੀਰੀ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੂੰ ਫਰਜ਼ੀ ਸ਼ਰਾਬ ਘੁਟਾਲੇ ਦੀ ਆੜ੍ਹ ਹੇਠ ਗ੍ਰਿਫ਼ਤਾਰ ਕਰਨਾ ਕੇਂਦਰ ਸਰਕਾਰ ਦੇ ਤਾਨਾਸ਼ਾਹੀ ਕਿਰਦਾਰ ਨੂੰ ਲੋਕਾਂ ਅੱਗੇ ਪੇਸ਼ ਕਰਦਾ ਹੈ, ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਸੰਭਾਵੀ ਲੋਕ ਸਭਾ ਉਮੀਦਵਾਰ ਇੰਜ. ਇੰਦਰਜੀਤ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਭਾਜਪਾ ਸਰਕਾਰ ਸੀ ਬੀ ਆਈ ਤੇ ਈ ਡੀ ਜਿਹੀਆਂ ਏਜੰਸੀਆਂ ਦੀ ਸੋਚੀ ਸਮਝੀ ਸਾਜ਼ਿਸ਼ ਹੇਠ ਦੁਰਵਰਤੋਂ ਕਰਕੇ ਦੇਸ਼ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੀ ਹੈ। ਨਿਆਮੀਵਾਲਾ ਨੇ ਕਿਹਾ ਕਿ ਅੱਜ ਤੋਂ ਡੇਢ ਸਾਲ ਪਹਿਲਾਂ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਨੂੰ ਤੇ ਛੇ ਮਹੀਨੇ ਪਹਿਲਾਂ ਸਿਸੋਦੀਆ ਨੂੰ ਜਿਨ੍ਹਾਂ ਦੇ ਵਿਰੁੱਧ ਅੱਜ ਤੱਕ ਚਲਾਨ ਪੇਸ਼ ਨਹੀਂ ਹੋਣਾ ਕੇਂਦਰ ਸਰਕਾਰ ਦੀਆਂ ਸਾਜ਼ਿਸ਼ਾਂ ਨੂੰ ਬੇਨਕਾਬ ਕਰਨ ਲਈ ਕਾਫੀ ਹੈ। ਇੰਜ. ਇੰਦਰਜੀਤ ਨਿਆਮੀਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਤੇ ਉਨ੍ਹਾਂ ਦੇ ਵਪਾਰਕ ਅਦਾਰਿਆਂ 'ਤੇ ਛਾਪੇਮਾਰੀ ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਨੂੰ ਰੋਕਣ ਲਈ ਕੇਂਦਰ ਸਰਕਾਰ ਵੱਲੋਂ ਰਚੀ ਸਾਜ਼ਿਸ਼ ਦਾ ਹਿੱਸਾ ਹੈ।

ਤਿਰਲੋਕ ਗਰਗ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਮਲੋਟ (ਗੁਰਮੀਤ ਸਿੰਘ ਮੱਕੜ)-ਪ੍ਰਕਾਸ਼ ਜਰਨਲ ਸਟੋਰ ਦੇ

ਸੰਚਾਲਕ ਮਹੀਪਾਲ ਗਰਗ (ਪਾਲਾ) ਦੇ ਪਿਤਾ ਤੇ ਨਿਮੀਸ਼ ਕੁਮਾਰ ਗਰਗ ਦੇ ਦਾਦਾ ਤਿਰਲੋਕ ਗਰਗ ਸਵਰਗਵਾਸ ਹੋ ਗਏ। ਉਨ੍ਹਾਂ ਦੀ ਮੌਤ 'ਤੇ ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਮੈਂਬਰ ਹਰਪ੍ਰੀਤ ਸਿੰਘ, ਸਤੀਸ਼ ਗੋਇਲ, ਵਿਕਾਸ ਗੁਪਤਾ, ਸੰਦੀਪ ਮਲੂਜਾ, ਰੋਹਿਤ ਕਾਲੜਾ, ਜੱਜ ਸ਼ਰਮਾ, ਚੇਤਨ ਭੂਰਾ, ਲਵਿੰਗ ਲਿਟਲ ਸਕੂਲ ਦੇ ਪ੍ਰਿੰਸੀਪਲ ਮੀਨਾ ਅਰੋੜਾ, ਜਰਨਲ ਮਰਚੈਂਟ ਯੂਨੀਅਨ ਦੇ ਪ੍ਰਧਾਨ ਸੱਤਾਪਲ ਪਾਲੀ ਮੱਕੜ, ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ, ਡਾ. ਮਾਨਵ ਜੁਨੇਜਾ, ਡਾ. ਹਰਮੇਸ਼ ਕਮਰਾ, ਕਾਕਾ ਜਰਨਲ ਸਟੋਰ ਦੇ ਸੰਚਾਲਕ ਕਾਕਾ, ਜੱਗਾ ਕਰਿਆਨ ਸਟੋਰ ਦੇ ਕਾਕਾ ਜੱਗਾ, ਡੀ.ਏ.ਵੀ. ਹਸਪਤਾਲ ਦੇ ਡਾਇਰੈਕਟਰ ਜੀ. ਸੀ. ਸ਼ਰਮਾ, ਮਹਿੰਦਰ ਕੁਮਾਰ ਸਾਵਣ ਕੁਮਾਰ ਦੇ ਮਹਿੰਦਰ ਕੁਮਾਰ ਆਦਿ ਵੱਖ ਵੱਖ ਧਾਰਮਿਕ, ਸਮਾਜਸੇਵੀ ਤੇ ਵਪਾਰਕ ਜਥੇਬੰਦੀਆਂ ਦੇ ਅਹੁਦੇਦਾਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਵਿਧਾਇਕਾ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਅੱਜ

ਜਗਰਾਓਂ (ਨਛੱਤਰ ਸੰਧੂ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸਿੱਧਵਾਂ ਬੇਟ ਦੀ ਇਲਾਕਾ ਕਮੇਟੀ ਨੇ ਜਥੇਬੰਦੀ ਵੱਲੋਂ ਐਲਾਨੇ ਪ੍ਰੋਗਰਾਮ ਤਹਿਤ 10 ਅਕਤੂਬਰ ਨੂੰ ਜਗਰਾਓਂ ਹਲਕੇ ਦੀ ਮੈਡਮ ਵਿਧਾਇਕਾ ਦੀ ਰਿਹਾਇਸ਼ ਅੱਗੇ ਨਸ਼ਿਆਂ ਖਿਲਾਫ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ। ਤੀਰਥ ਸਿੰਘ ਤਲਵੰਡੀ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ 'ਚ ਮਲਸੀਆਂ ਭਾਈਕੇ ਹੋਈ ਮੀਟਿੰਗ ਨੇ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਵਾਲੇ ਪੱਖੋਵਾਲ ਦੇ ਨੌਜਵਾਨਾਂ ਦੇ ਘਰਾਂ 'ਤੇ ਹਮਲਾ ਕਰਨ ਵਾਲੇ ਅਨਸਰਾਂ ਖਿਲਾਫ਼ ਬਿਨਾਂ ਦੇਰੀ ਕਾਰਵਾਈ ਕਰਨ ਦੀ ਮੰਗ ਲੈ ਕੇ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਦੇ ਸੰਘਰਸ਼ ਦੀ ਹਮਾਇਤ ਕਰਨ ਬਾਰੇ ਚਰਚਾ ਕੀਤੀ ਗਈ। ਮੀਟਿੰਗ 'ਚ ਜਗਤ ਸਿੰਘ ਲੀਲਾ, ਸੁਖਦੇਵ ਸਿੰਘ ਗਾਲਿਬ, ਅਜੀਤ ਸਿੰਘ ਮਾਜਰੀ, ਭਗਵੰਤ ਸਿੰਘ ਰਸੂਲਪੁਰ, ਪਾਲਾ ਸਿੰਘ ਮਲਸੀਆਂ, ਜਸਵੰਤ ਸਿੰਘ ਭੱਟੀਆ ਤੇ ਪਰਮਜੀਤ ਸਿੰਘ ਸਵੱਦੀ ਆਦਿ ਸ਼ਾਮਲ ਸਨ।

ਮਾਤਾ ਕਰਤਾਰ ਕੌਰ ਨੂੰ ਬਰਸੀ ਮੌਕੇ ਸ਼ਰਧਾਂਜਲੀਆਂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)-ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈੱਸ ਸਕੱਤਰ ਅਮਰਜੀਤ ਸਿੰਘ ਗਿੱਲ, ਦਵਿੰਦਰ ਸਿੰਘ ਗਿੱਲ ਪੱਤੀ ਗਾਹੂ ਵਿਖੇ ਪਰਿਵਾਰ ਵੱਲੋਂ ਸਵ. ਮਾਤਾ ਕਰਤਾਰ ਕੌਰ ਦੀ ਬਰਸੀ ਜੱਦੀ ਸਥਾਨ ਵਿਖੇ ਮਨਾਈ ਗਈ ਤੇ ਰੱਖੇ ਗਏ ਸ਼੍ਰੀ ਸਹਿਜ ਪਾਠ ਦਾ ਭੋਗ ਪਾਇਆ ਗਿਆ। ਇਸ ਮੌਕੇ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਕੌਮੀ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ ਸਿੱਧੂ ਨੇ ਕਿਹਾ ਕਿ ਅਮਰਜੀਤ ਸਿੰਘ ਗਿੱਲ ਤੇ ਦੇਵਿੰਦਰ ਸਿੰਘ ਗਿੱਲ ਦੀ ਮਾਤਾ ਅੱਜ ਚਾਹੇ ਇਸ ਦੁਨੀਆ ਵਿੱਚ ਨਹੀਂ ਹਨ, ਪਰ ਮਾਂ ਦੀ ਯਾਦ ਜ਼ਰੂਰ ਆਉਂਦੀ ਹੈ। ਉਨ੍ਹਾਂ ਮਾਤਾ ਕਰਤਾਰ ਕੌਰ ਦੀ ਪਿਛਲੀ ਗੱਲ ਯਾਦ ਕਰਦਿਆਂ ਪਾਰਟੀ ਵੱਲੋਂ ਸ਼ਰਧਾਂਜਲੀ ਭੇਟ ਕਤੀ। ਇਸ ਮੌਕੇ ਮੇਲਾ ਸਿੰਘ ਸੂਬੇਦਾਰ, ਨਗਰ ਕੌਂਸਲ ਪ੍ਰਧਾਨ ਪਰਮਿੰਦਰ ਕੌਰ ਬਰਾੜ, ਗੁਰਮੀਤ ਸਿੰਘ ਲੱਲੀ ਕੌਂਸਲਰ, ਵਿਜੇ ਗੋਇਲ, ਸੰਜੇ ਸੈਨ, ਕਾਲਾ ਮਿੱਤਲ, ਨੀਟੂ ਸ਼ਰਮਾ, ਬਲਵਿੰਦਰ ਸਿੰਘ ਢਿੱਲੋਂ, ਕਾ. ਬੀਬੀ ਸ਼ਮਿੰਦਰ ਕੌਰ ਦੁੱਲਟ, ਗੁਰਮੁੱਖ ਸਿੰਘ ਸਿੱਧੂ, ਮਾ. ਕੰਵਲਜੀਤ ਸਿੰਘ ਵਿੱਕੀ, ਰੁਪਿੰਦਰ ਸਿੰਘ ਨੰਬਰਦਾਰ ਸਮੇਤ ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਮਾਤਾ ਕਰਤਾਰ ਕੌਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਕੀ ਸੁਖਪਾਲ ਖਹਿਰਾ ਨੂੰ ਪੈ ਸਕਦੀ ਹੈ ਨਵੀਂ ਭਸੂੜੀ ?

■ ਪ੍ਰੋਟਕਸ਼ਨ ਵਰੰਟ 'ਤੇ ਲਿਆਂਦਾ ਕਸ਼ਮੀਰ ਸਿੰਘ ਭਲਕ ਤੱਕ ਪੁਲਸ ਰਿਮਾ

10Oct-PAGE-11-Majha-23.qxd 10/9/2023 10:28 PM Page 1

ਲੋਕ-ਪੱਖੀ ਸਮਾਜਿਕ ਤਬਦੀਲੀ ਲਈ ਤਰਕਸ਼ੀਲ ਸੋਚ ਜ਼ਰੂਰੀ: ਤਰਕਸ਼ੀਲ ਸੁਸਾਇਟੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਵਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਮਕਸਦ ਵਜੋਂ ਸਮੁੱਚੇ ਪੰਜਾਬ ਵਿੱਚ ਦੁਨੀਆ ਦੇ ਮਹਾਨ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ ਵੱਖ ਸਕੂਲਾਂ ਵਿੱਚ ਕਰਵਾਈ ਗਈ। ਇਸ ਪ੍ਰੀਖਿਆ ਵਿੱਚ 640 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸਬੰਧੀ ਤਰਕਸ਼ੀਲ ਸੁਸਾਇਟੀ ਦੇ ਸੂਬਾ ਕਮੇਟੀ ਆਗੂ ਸੰਦੀਪ ਧਾਰੀਵਾਲ ਭੋਜਾ ਅਤੇ ਤਰਕਸ਼ੀਲ ਇਕਾਈ ਧਾਰੀਵਾਲ ਭੋਜਾ ਦੇ ਮੁਖੀ ਦੀਵਾਨ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਇਹ ਪ੍ਰੀਖਿਆ ਲੈਣ ਲਈ ਜ਼ਿਲ੍ਹੇ ਅੰਦਰ ਵੱਖ ਵੱਖ ਸਕੂਲਾਂ ਵਿੱਚ ਅੱਠ ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ। ਤਰਕਸ਼ੀਲ ਆਗੂਆਂ ਦੱਸਿਆ ਕਿ ਪ੍ਰੀਖਿਆ ਨੂੰ ਪੂਰੇ ਪਾਰਦਰਸੀ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਤਰਕਸ਼ੀਲ ਆਗੂ ਸਤਨਾਮ ਫੇਰੋਚੇਚੀ, ਸੁੱਚਾ ਸਿੰਘ ਪਸਨਾਵਾਲ, ਕਸਮੀਰ ਕਾਦੀਆਂ, ਦਲਜੀਤ ਨਾਨੋਵਾਲ, ਤਲਵਿੰਦਰ ਕੌਰ, ਨਿਸ਼ਾ ਬਾਵਾ, ਗੁਰਸੇਵਕ ਸਿੰਘ, ਨੇਹਾ, ਲਖਬੀਰ ਬਸਰਾਵਾਂ, ਗਗਨਦੀਪ ਧਾਰੀਵਾਲ ਭੋਜਾ , ਭੁਪਿੰਦਰ ਸਿੰਘ ਕਾਲਾ ਬਾਲਾ ਅਦਿ ਵਲੋਂ ਆਪਣੀ ਡਿਊਟੀ ਪੂਰੀ ਜ਼ਿੰਮੇਵਾਰੀ ਨਾਲ ਬਾਖੂਬੀ ਨਿਭਾਈ ਗਈ। ਇਸ ਪ੍ਰੀਖਿਆ ਸਬੰਧੀ ਸਬੰਧਿਤ ਸਕੂਲਾਂ ਦੇ ਮੁਖੀਆਂ, ਅਧਿਆਪਕਾਂ, ਪ੍ਰਬੰਧਕਾਂ ਅਤੇ ਵਿਦਿਆਰਥੀਆਂ ਵਲੋਂ ਪੂਰਨ ਸਹਿਯੋਗ ਅਤੇ ਵੱਡਾ ਹੁੰਗਾਰਾ ਦਿੱਤਾ ਗਿਆ ਹੈ। ਇਸ ਮੌਕੇ ਪ੍ਰਿੰਸੀਪਲ ਡਾ: ਹਰਪ੍ਰੀਤ ਹੁੰਦਲ ਸਿੱਖ ਨੈਸ਼ਨਲ ਕਾਲਜ/ਕਾਲਜੀਏਟ ਸਕੂਲ ਕਾਦੀਆਂ, ਪ੍ਰਿੰ. ਸੰਦੀਪ ਸਿੰਘ, ਰਵਿੰਦਰ ਸਿੰਘ, ਪ੍ਰਿੰ. ਕੰਵਲਜੀਤ ਕੌਰ, ਪ੍ਰਿੰ. ਵਰਿੰਦਰਜੀਤ ਕੌਰ, ਮਾਸਟਰ ਹਰਪ੍ਰੀਤ ਸਿੰਘ, ਪ੍ਰਿੰ. ਸਾਰਿਕਾ ਮਹਿਰਾ, ਮਾਸਟਰ ਜਸਵਿੰਦਰ ਸਿੰਘ, ਮਾਸਟਰ ਰਵਿੰਦਰ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ, ਨਸ਼ਿਆਂ, ਪਾਖੰਡੀ ਬਾਬਿਆਂ/ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਅਤੇ ਹੱਲ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਤਰਕਸ਼ੀਲ ਸੁਸਾਇਟੀ ਵਲੋਂ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਇਸ ਖੇਤਰ ਵਿੱਚ ਨਿਭਾਈ ਜਾ ਰਹੀ ਸਰਗਰਮ ਭੂਮਿਕਾ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ ਅਗਲੇ ਕੁੱਝ ਦਿਨਾਂ ਵਿੱਚ ਕੱਢਿਆ ਜਾਵੇਗਾ ਅਤੇ ਸੂਬੇ, ਜ਼ੋਨ ਅਤੇ ਇਕਾਈ ਪੱਧਰ ਤੇ ਉਪਰਲੇ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਯੋਗ ਨਕਦ ਇਨਾਮ, ਯਾਦਗਾਰੀ ਚਿੰਨ੍ਹ, ਤਰਕਸ਼ੀਲ ਕਿਤਾਬਾਂ ਅਤੇ ਸਰਟੀਫਿਕੇਟ ਦਿੱਤੇ ਜਾਣਗੇ।

ਮਮੂਲੀ ਤਕਰਾਰ ਨੂੰ ਲੈ ਕੇ ਚਚੇਰੇ ਭਰਾ ਦਾ ਕਤਲ

** ਤਿੰਨ ਧੀਆਂ ਦਾ ਬਾਪ ਸੀ ਮ੍ਰਿਤਕ, ਇਲਾਕੇ 'ਚ ਸੋਗ ਦੀ ਲਹਿਰ*

ਭਿੱਖੀਵਿੰਡ/ਖਾਲੜਾ/ਖੇਮਕਰਨ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਮੀਨ ਵਿੱਚ ਪਾਣੀ ਪੈਣ ਨੂੰ ਲੈ ਕੇ ਹੋਏ ਝਗੜੇ ਵਿੱਚ ਸਰਹੱਦੀ ਪਿੰਡ ਮਹਿਦੀਪੁਰ ਦੇ ਇੱਕ ਨੌਜਵਾਨ ਦਾ ਕਤਲ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ।

ਮ੍ਰਿਤਕ ਨੌਜਵਾਨ ਦੀ ਪਹਿਚਾਣ ਰਸ਼ਪਾਲ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਮਹਿਦੀਪੁਰ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਅਤੇ ਪਤਨੀ ਰਜਵੰਤ ਕੌਰ ਨੇ ਦੱਸਿਆ ਕਿ ਉਸਦੇ ਪਤੀ ਨੇ ਝੋਨਾ ਵੱਢ ਕੇ ਬਚੀ ਰਹਿੰਦ-ਖੂੰਹਦ ਨੂੰ ਪਾਣੀ ਲਗਾਇਆ ਹੋਇਆ ਸੀ ਕਿ ਉਸਦੇ ਚਚੇਰੇ ਭਰਾ ਪ੍ਰਭਜੀਤ ਸਿੰਘ ਵੱਲੋਂ ਉਸਦੀ ਜ਼ਮੀਨ ਵਿੱਚ ਪਾਣੀ ਪੈ ਜਾਣ ਨੂੰ ਲੈ ਤੇਜ਼ਧਾਰ ਹਥਿਆਰਾਂ ਨਾਲ ਰਸ਼ਪਾਲ ਸਿੰਘ ਉੱਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਜਿਸ ਵਿੱਚ ਉਸਦਾ ਪਤੀ ਗੰਭੀਰ ਜ਼ਖਮੀ ਹੋ ਗਿਆ ਜਿਸ ਨੂੰ ਭਿੱਖੀਵਿੰਡ ਹਸਪਤਾਲ ਵਿਖੇ ਲਿਜਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਉਕਤ ਨੌਜਵਾਨ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਧਰ ਇਸ ਮਾਮਲੇ ਸੰਬੰਧੀ ਥਾਣਾ ਖੇਮਕਰਨ ਦੀ ਪੁਲਸ ਦਾ ਕਹਿਣਾ ਹੈ ਕਿ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਕਰਵਾਉਣ ਲਈ ਸਿਵਲ ਹਸਪਤਾਲ ਪੱਟੀ ਵਿਖੇ ਭੇਜ ਦਿੱਤਾ ਗਿਆ ਹੈ ਅਤੇ ਪਰਿਵਾਰਿਕ ਮੈਂਬਰਾਂ ਦੇ ਬਿਆਨ ਦਰਜ ਕਰ ਕੇ ਮੁਲਜ਼ਮਾਂ ਉੱਪਰ ਕਤਲ ਦਾ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਰਸ਼ਪਾਲ ਸਿੰਘ ਆਪਣੇ ਪਿੱਛੇ ਤਿੰਨ ਧੀਆਂ ਅਤੇ ਪਤਨੀ ਨੂੰ ਛੱਡ ਗਿਆ ਹੈ।

'ਏਸ਼ੀਅਨ ਖੇਡਾਂ 2023' 'ਚ ਜੀਐੱਨਡੀਯੂ ਦੇ ਐਥਲੀਟਾਂ ਨੇ ਜਿੱਤੇ 13 ਮੈਡਲ

** ਯੂਨੀਵਰਸਿਟੀ ਵੱਲੋਂ ਅਥਲੀਟਾਂ ਦਾ ਭਰਵਾਂ ਸਵਾਗਤ*

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਜਸਪਾਲ ਸਿੰਘ ਸੰਧੂ ਨੇ ਏਸ਼ੀਆਈ ਖੇਡਾਂ ਵਿਚ 13 ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਦਾ ਵਿਸ਼ੇਸ਼ ਮਾਣ ਸਨਮਾਣ ਵਧਾਉਂਦਿਆਂ ਕਿਹਾ ਕਿ ਉਨ੍ਹਾਂ ਨੇ ਕੇਵਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਹੀ ਨਹੀਂ ਪੂਰੇ ਪੰਜਾਬ ਅਤੇ ਦੇਸ਼ ਦਾ ਮਾਣ ਵਧਾਇਆ ਹੈ। ਉਹ ਉਨ੍ਹਾਂ 16 ਖਿਡਾਰੀਆਂ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਚ ਪੁੱਜਣ 'ਤੇ ਨਿੱਘੇ ਸਵਾਗਤ ਦੌਰਾਨ ਵਾਈਸ ਚਾਂਸਲਰ ਦਫਤਰ ਉਨ੍ਹਾਂ ਨਾਲ ਵਿਸ਼ੇਸ਼ ਗਲਬਾਤ ਕਰ ਰਹੇ ਸਨ।

ਇਸ ਮੌਕੇ ਖਿਡਾਰੀਆਂ ਨੇ ਜਿਥੇ ਆਪਣੇ ਅਨੁਭਵ ਸਾਝੇ ਕੀਤੇ ਉਥੇ ਪ੍ਰੋ. ਸੰਧੂ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਯੂਨੀਵਰਸਿਟੀ ਪਹਿਲਾਂ ਦੀ ਤਰ੍ਹਾਂ ਹੀ ਖੇਡ ਸਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਲਈ ਕੋਸ਼ਿਸ਼ਾਂ ਕਰਦੀ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਦੇ ਖਿਡਾਰੀਆਂ ਨੇ ਇਸ ਵਾਰ ਦੀਆਂ ਏਸ਼ੀਆਈ ਖੇਡਾਂ ਵਿਚ 100 ਦਾ ਅੰਕੜਾ ਪਾਰ ਕਰਦਿਆਂ 107 ਮੈਡਲ ਪ੍ਰਾਪਤ ਕੀਤੇ ਹਨ ਜੋ ਖਿਡਾਰੀਆਂ ਦੀ ਮਿਹਨਤ, ਲਗਨ ਅਤੇ ਕੋਚ ਸਾਹਿਬਾਨਾਂ ਦੀ ਦ੍ਰਿੜਤਾ ਦੀ ਬਦੌਲਤ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪਹਿਲਾਂ ਹੀ 24ਵੀਂ ਵਾਰ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ ਜਿੱਤ ਕੇ ਪੰਜਾਬ ਦਾ ਨਾਂ ਪੂਰੇ ਭਾਰਤ ਵਿਚ ਰੌਸ਼ਨ ਕੀਤਾ ਹੋਇਆ ਹੈ। ਹੁਣ ਯੂਨੀਵਰਸਿਟੀ ਦੇ 16 ਖਿਡਾਰੀਆਂ ਨੇ ਪੂਰੇ ਵਿਸ਼ਵ ਵਿਚ ਦੇਸ਼ ਦੇ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵੀ ਖੇਡਾਂ ਦੇ ਖੇਤਰ ਵਿਚ ਕੱਦ ਉਚਾ ਕਰ ਦਿੱਤਾ ਹੈ।

ਇਸ ਮੌਕੇ ਵਾਈਸ-ਚਾਂਸਲਰ ਪ੍ਰੋ. ਸੰਧੂ ਤੋਂ ਇਲਾਵਾ ਪ੍ਰੋ. ਕਰਨਜੀਤ ਸਿੰਘ ਕਾਹਲੋਂ, ਰਜਿਸਟਰਾਰ ਡਾ. ਸਰਬਜੋਤ ਸਿੰਘ ਬਹਿਲ, ਡੀਨ ਅਕਾਦਮਿਕ ਮਾਮਲੇ ਅਤੇ ਖੇਡਾਂ ਦੇ ਨਿਰਦੇਸ਼ਕ ਡਾ. ਕੰਵਰ ਮਨਦੀਪ ਸਿੰਘ ਨੇ ਵੀ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਐਥਲੀਟਾਂ ਨੂੰ ਵਧਾਈ ਦਿੱਤੀ।

ਡਾ. ਕੰਵਰ ਮਨਦੀਪ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਦੇ ਨਿਸ਼ਾਨੇਬਾਜ਼ਾਂ ਨੇ ਵਿਸ਼ੇਸ਼ ਤੌਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਵਿਸ਼ਵ ਪੱਧਰ 'ਤੇ ਆਪਣਾ ਨਾਮ ਚਮਕਾਇਆ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਉਨ੍ਹਾਂ ਦੁਆਰਾ ਕੀਤੀ ਗਈ ਸਮਰਪਣ ਅਤੇ ਸਖ਼ਤ ਸਿਖਲਾਈ ਦਾ ਪ੍ਰਮਾਣ ਹਨ ਅਤੇ ਉਹ ਯੂਨੀਵਰਸਿਟੀ ਦੇ ਐਥਲੀਟਾਂ ਲਈ ਇੱਕ ਪ੍ਰੇਰਨਾ ਵਜੋਂ ਕੰਮ ਕਰਨਗੀਆਂ।

ਲਾਲਾ ਹੰਸ ਰਾਜ ਮਹਾਜਨ ਦਾ ਜਨਮ ਦਿਹਾੜਾ ਮਨਾਇਆ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਮਹਾਜਨ ਸ਼ੋਮਣੀ ਲਾਲਾ ਹੰਸ ਰਾਜ ਮਹਾਜਨ ਦੇ ਜਨਮ ਦਿਹਾੜੇ ਮੌਕੇ ਮਹਾਜਨ ਸਭਾ ਦੀਨਾਨਗਰ ਦੀ ਤਰਫੋਂ ਰਾਇਲ ਪੈਲੇਸ ਅਵਾਂਖੀ ਗੇਟ ਦੀਨਾਨਗਰ ਵਿਖੇ ਹਵਨ ਯੱਗ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਪ੍ਰਧਾਨ ਕੁਲਦੀਪ ਮਹਾਜਨ ਨੇ ਕੀਤੀ। ਹਵਨ ਕਰਨ ਉਪਰੰਤ ਲਾਲਾ ਹੰਸ ਰਾਜ ਮਹਾਜਨ ਦੀ ਤਸਵੀਰ ਅੱਗੇ ਸਰਧਾ ਦੇ ਫੁੱਲ ਭੇਟ ਕੀਤੇ ਗਏ। ਵੱਖ-ਵੱਖ ਬੁਲਾਰਿਆਂ ਨੇ ਲਾਲਾ ਹੰਸ ਰਾਜ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰਧਾਨ ਕੁਲਦੀਪ ਰਾਜ ਮਹਾਜਨ ਨੇ ਦੱਸਿਆ ਕਿ ਲਾਲਾ ਹੰਸਰਾਜ ਦਾ ਜਨਮ 2 ਅਕਤੂਬਰ 1866 ਨੂੰ ਜੰਮੂ ਦੇ ਇੱਕ ਛੋਟੇ ਜਿਹੇ ਪਿੰਡ ਅਖਨੂਰ ਵਿੱਚ ਹੋਇਆ ਸੀ। ਲਾਲਾ ਜੀ ਨੇ ਮਹਾਜਨ ਸਮਾਜ ਨੂੰ ਸੰਗਠਿਤ ਕਰਨ ਲਈ ਜੰਮੂ ਵਿੱਚ ਮਹਾਜਨ ਸਭਾ ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਪ੍ਰੇਰਨਾ ਨਾਲ ਦੇਸ਼ ਦੇ ਲਗਭਗ ਹਰ ਜ਼ਿਲ੍ਹੇ ਵਿੱਚ ਕਈ ਮਹਾਜਨ ਸਭਾਵਾਂ ਕੰਮ ਕਰ ਰਹੀਆਂ ਹਨ। ਇਸ ਮੌਕੇ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸੀਤਾ ਰਾਮ ਮਹਾਜਨ, ਭਾਰਤ ਭੂਸ਼ਣ ਜੁਗਿਆਲੀਆ, ਰਾਕੇਸ਼ ਮਹਾਜਨ, ਛੱਜੂ ਰਾਮ ਮਹਾਜਨ, ਜਤਿੰਦਰ ਮਹਾਜਨ, ਰਾਧੇ ਸ਼ਾਮ ਮਹਾਜਨ, ਰਵੀ ਮਹਾਜਨ, ਨੀਰਜ ਮਹਾਜਨ, ਸੰਜੀਵ ਮਹਾਜਨ, ਹੇਮ ਰਾਜ ਮਹਾਜਨ, ਅਨਿਲ ਮਹਾਜਨ, ਡਾ: ਸੁਨੀਲ ਮਹਾਜਨ, ਚੇਤਨ ਮੋਹਨ, ਸੰਦੀਪ ਮਹਾਜਨ, ਦੀਪਕ ਮਹਾਜਨ, ਪਵਨ ਮਹਾਜਨ, ਕੇਵਲ ਕ੍ਰਿਸ਼ਨ ਮਹਾਜਨ, ਕਮਲ ਮਹਾਜਨ ਹਾਜ਼ਰ ਸਨ।

ਲੋਕਾਂ ਨੂੰ ਮੌਕੇ 'ਤੇ ਹੀ ਚਲਾਨ ਭੁਗਤਣ ਦੀ ਸਹੂਲਤ ਮੁਹੱਈਆ

ਗੁਰਦਾਸਪੁਰ (ਜਨਕ ਮਹਾਜਨ)-ਟਰੈਫ਼ਿਕ ਪੁਲਸ ਗੁਰਦਾਸਪੁਰ ਵੱਲੋਂ ਵੀ ਹੁਣ ਈ ਚਲਾਨ ਦੀ ਸਹੂਲਤ ਲੋਕਾਂ ਨੂੰ ਦਿੱਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਟਰੈਫ਼ਿਕ ਇੰਚਾਰਜ ਐੱਸਆਈ ਅਜੇ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਹੁਣ ਗੁਰਦਾਸਪੁਰ ਵਿਚ ਵੀ ਟਰੈਫ਼ਿਕ ਦੇ ਨਿਯਮਾਂ ਦੀ ਅਣਦੇਖੀ ਕਰਨ ਵਾਲੇ ਲੋਕਾਂ ਨੂੰ ਮੌਕੇ 'ਤੇ ਹੀ ਚਲਾਨ ਭੁਗਤਣ ਦੀ ਸਹੂਲਤ ਮੁਹਈਆ ਕਰਵਾਈ ਜਾ ਰਹੀ ਹੈ। ਇਸ ਨਾਲ ਹੁਣ ਲੋਕਾਂ ਨੂੰ ਚਲਾਨ ਭੁਗਤਣ ਵਾਸਤੇ ਡੀਟੀਓ ਦਫ਼ਤਰ ਅਤੇ ਹੋਰ ਕਿਸੇ ਦਫ਼ਤਰ ਵਿਚ ਜਾਣ ਦੀ ਲੋੜ ਨਹੀਂ ਹੈ। ਇਸ ਨਾਲ ਮੌਕੇ 'ਤੇ ਹੀ ਚਲਾਨ ਦੀ ਰਕਮ ਭਰ ਸਕਦੇ ਹੋ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਕੂਟਰ, ਕਾਰ ਆਦਿ ਚਲਾਉਂਦੇ ਸਮੇਂ ਆਪਣੇ ਵਹੀਕਲ ਦੇ ਕਾਗਜ਼ਾਤ ਪੂਰੇ ਰੱਖਣ। ਉਨ੍ਹਾਂ ਕਿਹਾ ਕਿ ਸਕੂਟਰ ਸਬੰਧੀ ਰਜਿਸ਼ਟਰੇਸ਼ਨ, ਇੰਸ਼ੋਰੈਂਸ ਤੇ ਪਲਿਊਸ਼ਨ ਆਦਿ ਸਰਟੀਫਿਕਟ ਨਾਲ ਰੱਖਣ। ਇਸੇ ਤਰ੍ਹਾਂ ਕਾਰ ਚਾਲਕਾਂ ਨੂੰ ਵੀ ਕਾਰ ਸਬੰਧੀ ਲੋੜੀਂਦੇ ਕਾਗਜ਼ਾਤ ਮੁਕੰਮਲ ਆਪਣੀ ਕਾਰ ਵਿਚ ਰੱਖਣ ਅਤੇ ਸੀਟ ਬੈਲਟ ਲਗਾਉਣੀ ਨਾ ਭੁੱਲਣ। ਉਨ੍ਹਾਂ ਕਿਹਾ ਕਿ ਕਾਰ ਚਲਾਉਂਦੇ ਸਮੇਂ ਮੋਬਾਈਲ ਆਦਿ ਦਾ ਇਸਤੇਮਾਲ ਨਾ ਕਰਨ ਤਾਂ ਜੋ ਚਲਾਨ ਤੋਂ ਬਚਿਆ ਜਾ ਸਕੇ।

ਐਲੀਮੈਂਟਰੀ ਟੀਚਰਜ਼ ਯੂਨੀਅਨ ਦਾ ਵਫਦ ਜ਼ਿਲ੍ਹਾ ਸਿੱਖਿਆ ਅਫਸਰ (ਐਲੀ.) ਨੂੰ ਮਿਲਿਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ ਰਜਿ: ਜ਼ਿਲ੍ਹਾ ਗੁਰਦਾਸਪੁਰ ਦਾ ਇੱਕ ਵਫਦ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਅਸ਼ਵਨੀ ਫੱਜੂਪੁਰ ਅਤੇ ਸੂਬਾਈ ਆਗੂ ਹਰਪ੍ਰੀਤ ਸਿੰਘ ਪਰਮਾਰ ਦੀ ਸਾਂਝੀ ਅਗਵਾਈ ਹੇਠ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ ਮਮਤਾ ਸੇਠੀ ਨੂੰ ਮਿਲਿਆ।

ਇਸ ਮੌਕੇ ਵਫਦ ਨੇ ਡੀਈਓ ਨੂੰ ਅਧਿਆਪਕਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਹੈੱਡ ਟੀਚਰਾਂ ਤੋਂ ਸੈਂਟਰ ਹੈੱਡ ਟੀਚਰਾਂ ਦੀਆਂ ਤਰੱਕੀਆਂ ਜਲਦ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ। ਯੂਨੀਅਨ ਆਗੂਆਂ ਫੱਜੂਪੁਰ ਤੇ ਪਰਮਾਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਵਲੋਂ ਉਨ੍ਹਾਂ ਨੂੰ ਦੱਸਿਆ ਕਿ ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰਾਂ ਦੀਆਂ ਤਰੱਕੀਆਂ ਸਬੰਧੀ ਸੀਨੀਆਰਤਾ ਸੂਚੀ ਤਿਆਰ ਹੋ ਚੁੱਕੀ ਹੈ ਤੇ ਤਰੱਕੀਆਂ ਸਬੰਧੀ ਰੋਸਟਰ ਰਜਿਸਟਰ ਮੁਕੰਮਲ ਕਰਕੇ ਭਲਾਈ ਵਿਭਾਗ ਨੂੰ ਮਨਜ਼ੂਰੀ ਲਈ ਭੇਜ ਦਿੱਤਾ ਗਿਆ ਹੈ।

